# ਗੁਰਬਾਣੀ ਇਸੁ ਜਗ ਮਹਿ ਚਾਨਣੁ

ਅਧਿਆਤਮਿਕ
ਪੰਜਾਬੀ ਮਾਸਿਕ ਪੱਤ੍ਰਕਾ

# GURBANI ISS JAG MEH CHANAN

SPIRITUAL PUNJABI MONTHLY

ਅਗਸਤ – 1993 ਅੰਕ ਨੰ: 8 ਸਾਲ ਦਸਵਾਂ ਫੋਨ ; 571455

## "ਗੁਰੂ ਸ਼ਬਦ ਦਾ ਲੰਗਰ"

ਸੰਪਾਦਕ : ਸਰਦਾਰਾ ਸਿੰਘ, : ਸਹਿ-ਸੰਪਾਦਕ ਡਾ. ਖਰਮਜੀਤ ਸਿੰਘ (ਆਨਰੇਰੀ)

ਭੇਟਾ : ਵਿਚਾਰ ਤੇ ਅਮਲ, ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਉ।

ਪਤਾ : ਕੋਠੀ ਨੰ: 254, ਫੇਜ਼-2 ਐਸ.ਏ.ਐਸ. ਨਗਰ (ਮੋਹਾਲੀ) ਨੇੜੇ ਚੰਡੀਗੜ੍ਹ, ਪੰਜਾਬ

ਬਿਲਾਵਲੁ ਮਹਲਾ-੧

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥ ਜੈਸੇ ਸਚ ਮਹਿ ਰਹਉ ਰਜਾਈ ॥

ਅੰਕ ਨੰ: 8 ਅਗਸਤ—1993

# ਤਤਕਰਾ


| | | | |
|---|---|---|---|
| 1, | ਏਕੰਕਾਰੁ | —ਸੰਪਾਦਕੀ ਬੋਰਡ | 3 |
| 2. | ਅੰਧੀ ਕੰਮੀ ਅੰਧ ਸਜਾਇ | —ਮੇਜਰ ਜਗਤ ਸਿੰਘ ਰਿਟਾਇਰਡ | 11 |
| 3. | ਤੁਹਾਡੇ ਪੱਤਰ | ... ... ... | 14 |
| 4 | ਕ੍ਰੋਧ ਸਮਸਿੱਆ | ... ... ... | 16 |
| 5. | ਹਰ ਗੁਰਦੁਆਰੇ 'ਚ ਲਾਇਬ੍ਰੇਰੀ | —ਸ. ਕੁਲਦੀਪ ਸਿੰਘ | 17 |
| 6. | ਸਿੱਖੀ | —ਬੀ. ਕੁਲਦੀਪ ਕੌਰ ਖਾਲਸਾ | 17 |
| 7. | ਬੰਦੇ ਲਈ ਸੂਝਾ | —ਗਿ: ਜਸਵੰਤ ਸਿੰਘ ਤਾਂਨ | 18 |
| 8. | ਬੰਦੇ ਦੀਆਂ ਭੁੱਲਾਂ ਤੇ ਗੁਰੂ ਨਾਨਕ ਦਾ ਦਰ | —ਸ. ਬਲਵੰਤ ਸਿੰਘ | 18 |
| 9. | ਗੁਰੂ ਚਰਨਾਂ ਦੀ ਮਹਿਮਾ | —ਪ੍ਰੀਤਮ ਸਿੰਘ ਕਰਨਾਲ | 19 |
| 10. | ਨਮੋ ਸਰਬ ਪਾਲੇ | —ਬੀ. ਬਲਜੀਤ ਕੌਰ 'ਤੁਲਸੀ' | 21 |
| 11. | ਗੁਰਬਾਣੀ ਸ਼ੁਧ ਉਚਾਰਨ | —ਗਿ. ਹਰਬੰਸ ਸਿੰਘ | 23 |
| 12. | 'ਗੁਰਬਾਣੀ ਇਸੁ ਜਗ ਮਹਿ ਚਾਨਣੁ' | —ਨਰਿੰਦਰ ਸਿੰਘ 'ਕਮਲ' | 25 |
| 13. | ਗੁਰੂ ਦਰਸ਼ਨ ਦੀ ਸਿਕ | —ਸੰਤਾ ਸਿੰਘ ਅਜ਼ਿਜ਼ | 26 |
| 14. | ਸ੍ਰੀ ਹਰਿ ਕ੍ਰਿਸ਼ਨ ਧਿਆਈਐ | —ਸ. ਅਤਰ ਸਿੰਘ ਭਾਗਵੰਤ | 27 |
| 15. | ਮਨ ਦੀ ਇਕਾਗਰਤਾ | —ਸ. ਸਰਦਾਰਾ ਸਿੰਘ | 31 |


## ਅਗਸਤ ਮਹੀਨੇ ਦੇ ਦਿਨ ਦਿਹਾਰ

ਸੰਗਰਾਂਦ 16 ਅਗਸਤ, ਮਸਿਆ 17 ਅਗਸਤ, ਪੂਰਨਮਾਸ਼ੀ 1 ਸਤਬੰਰ,

ਨਵੇਂ ਬਣੇ ਮਾਸਿਕ ਮੈਂਬਰ ਸ. ਗੁਰਤੇਜ ਸਿੰਘ 390/3-A 21-- ਸ. ਅਵਤਾਰ ਸਿੰਘ ਛਰੌਲੀ 10/- ਸ. ਪ੍ਰੇਮ ਸਿੰਘ ਜਿਲਾ ਕਰੇਹਰਿਆਂ ਪਟਿਆਲਾ 10/- ਰਾਸ਼ੀ ਵਿਚ ਵਾਧਾ ਕੀਤਾ ਸ. ਜਤਿੰਦਰ ਪਾਲ ਸਿੰਘ 1316/3-B-1 20 ਰੁ: ਤੋਂ 25/-

★ ਪਰਚੇ ਵਿਚ ਆਏ ਲੇਖਾਂ ਵਿਚ, ਲੇਖਕਾਂ ਦੇ ਨਿੱਜੀ ਵਿਚਾਰ ਹਨ। ਸੰਪਾਦਕ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

★ ਸ. ਸਰਦਾਰਾ ਸਿੰਘ ਸੰਪਾਦਕ, ਪ੍ਰਕਾਸ਼ਕ ਅਤ ਛਾਪਕ ਨੇ ਸਾਹਿਬਜ਼ਾਦਾ ਪ੍ਰਿੰਟਰਜ਼, ਕੋਠੀ ਨੰ: 254, ਫੇਜ਼-2, ਐਸ. ਏ. ਐਸ: ਨਗਰ (ਮੋਹਾਲੀ) ਪੰਜਾਬ, ਤੋਂ ਛਪਵਾ ਕੇ 126, ਸ਼ੈਕਟਰ 19-A ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# "ਏਕੰਕਾਰੁ"

ਪਾਰਬ੍ਰਹਮ ਨੂੰ ਜਾਨਣਾ ਉਸਦੀ ਕੀਮਤ ਪਾਉਣੀ ਜਾਂ ਉਸਦਾ ਵਰਨਣ ਕਰ ਸਕਣਾ ਲੋਹੇ ਦੇ ਚਣੇ ਚੱਬਣ ਦੇ ਬਰਾਬਰ ਹੈ। ਲੋਹੇ ਦੇ ਚਣੇ ਤਾਂ ਸ਼ਾਇਦ ਕੋਈ ਚਬ ਵੀ ਲਵੇ, ਪਰ 'ਪਾਰਬ੍ਰਹਮ' ਦੀ ਸਿਫਤ ਦਾ ਵਰਨਣ ਸ਼ਬਦਾਂ ਵਿਚ ਅੰਕਿਤ ਕਰਨਾ ਅਤਿ ਕਠਿਨ ਹੈ। ਗੁਰੂ ਨਾਨਕ ਦੇਵ ਜੀ ਆਪ ਫਰਮਾਂਉਂਦੇ ਹਨ :—

ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ ॥

(ਸ੍ਰੀ ਰਾਗ ਮਹਲਾ ੧, ਘਰ ੧)

ਗੁਰੂ ਗੋਬਿੰਦ ਸਿੰਘ ਜੀ ਨੇ 'ਅਕਾਲ ਉਸਤਤਿ' ਕਰਦਿਆਂ ਅਨੇਕਾਂ ਵਾਰ ਤੁਹੀ ਤੁਹੀ ਕਿਹਾ ਹੈ। ਪਰ ਬਚਿਤ੍ਰ ਨਾਟਕ ਦੇ ਦੂਜੇ ਅਧਿਆਏ ਦੇ ਅਰੰਭ ਵਿਚ ਆਪ ਵੀ ਮੰਨਦੇ ਹਨ ਕਿ ਹੇਪ੍ਰਭੂ ਮੇਰੀ ਇਤਨੀ ਬੁੱਧ ਨਹੀਂ ਕਿ ਮੈਂ ਤੇਰੀ ਸਿਫਤ ਕਰ ਸਕਾਂ ਜਾਂ ਤੇਰੇ ਭੇਦਾਂ ਬਾਰੇ ਵਰਨਣ ਕਰ ਸਕਾਂ।

ਕਹਾ ਬੁੱਧ ਪ੍ਰਭ ਤੁਛ ਹਮਾਰੀ ॥
ਬਰਨਿ ਸਕੈ ਮਹਿਮਾ ਜੁ ਤਿਹਾਰੀ ॥
ਹਮ ਨ ਸਕਤ ਕਰਿ ਸਿਫ਼ਤ ਤੁਮਾਰੀ ॥
ਆਪ ਲੇਹੁ ਤੁਮ ਕਥਾ ਸੁਧਾਰੀ ॥
ਕਹਾ ਲਗੈ ਇਹੁ ਕੀਟ ਬਖਾਨੈ ॥
ਮਹਿਮਾ ਤੋਰਿ ਤੁਹੀ ਪ੍ਰਭ ਜਾਨੈ ॥
ਪਿਤਾ ਜਨਮ ਜਿਮ ਪੂਤ ਨ ਪਾਵੈ ॥
ਕਹਾ ਤਵਨ ਕਾ ਭੇਦ ਬਤਾਵੈ ॥

(ਬਚਿਤ੍ਰ ਨਾਟਕ)

ਇਥੇ ਇਸ ਲੇਖ ਰਾਹੀਂ 'ਏਕੰਕਾਰੁ' ਦੀ ਮਹਿਮਾ ਵਰਨਣ ਕਰਨ ਦਾ ਕੇਵਲ ਜਤਨ ਮਾਤਰ ਹੀ ਕੀਤਾ ਗਿਆ ਹੈ, ਆਪਣੀ ਅਸਲ ਮਹਿਮਾ ਤਾਂ ਉਹ ਆਪ ਹੀ ਜਾਣਦਾ ਹੈ।

ਭਾਰਤੀ ਧਰਮ ਦਰਸ਼ਨ ਅਨੁਸਾਰ 'ਓਅਮ' ਦੀ ਪੂਜਾ ਕੀਤੀ ਜਾਂਦੀ ਹੈ ਜੋ ਤਿੰਨ ਪ੍ਰਮੁੱਖ ਦੇਵਤਿਆਂ ਦਾ ਪ੍ਰਤੀਕ ਸੀ ਭਾਵ ਵਿਸ਼ਨੂ, ਸ਼ਿਵ ਤੇ ਬ੍ਰਹਮਾ! ਬ੍ਰਹਮਾ ਤੋਂ ਸੰਸਾਰ ਦੀ ਉਤਪਤੀ ਮੰਨੀ ਜਾਂਦੀ ਹੈ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਦਰਸ਼ਨ ਵੇਤਾਵਾਂ ਦੇ ਸਾਹਮਣੇ ਇਕ ਨਵਾਂ ਵਿਚਾਰ ਰੱਖਿਆ ਤੇ '੧ਓ' ਲਿਖਕੇ ਪ੍ਰਮਾਤਮਾ ਦੇ ਸਰੂਪ ਨੂੰ ਉਘਾੜਿਆ। ਭਾਈ ਗੁਰਦਾਸ ਜੀ ਤੀਜੀ ਵਾਰ ਦੀ ਪਉੜੀ 15 ਵਿਚ ਇਸ ਪ੍ਰਥਾਇ ਲਿਖਦੇ ਹਨ :—

"ਏਕਾ ਏਕੰਕਾਰੁ ਲਿਖਿ ਦਿਖਾਲਿਆ ॥
ਊੜਾ ਓਅੰਕਾਰੁ ਪਾਸਿ ਬਹਾਲਿਆ"—

'੧' ਜੋ ਗੁਰੂ ਨਾਨਕ ਸਾਹਿਬ ਨੇ 'ੳ' ਨਾਲ ਲਗਾਇਆ ਹੈ। ਇਹ ਏਕੰਕਾਰ ਦਾ ਸੰਕੇਤ ਹੈ ਅਤੇ 'ੳ' ਓਅੰਕਾਰ ਦੀ ਥਾਂ ਵਰਤਿਆ ਹੈ।

'੧' ਏਕੰਕਾਰ ਤੋਂ ਭਾਵ ਬ੍ਰਹਮ ਦੀ ਏਕਤਾ ਹੈ। ਏਕੋ ਹੈ ਭਾਈ ਏਕੋ ਹੈ:—

ਜਪੁਜੀ ਦੇ ਮੁੱਢ ਵਿਚ ਮੂਲ ਮੰਤਰ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੀ ਏਕਤਾ ਦੇ ਭੇਦ ਨੂੰ ਉਜਾਗਰ ਕੀਤਾ ਹੈ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ,
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

**ਏਕੰਕਾਰ ਦਾ ਮੁੱਢ :—** ਮੁੱਢ ਵਿਚ ਇਕ ਆਦਿ ਸ਼ਕਤੀ ਜੋ ਨਿਰ, ਅਕਾਰ ਸੀ, ਸੁੰਨ ਅਵਸਥਾ ਵਿਚ ਵਿਚਰਦੀ ਰਹੀ ਹੈ ਜਾਂ ਅਫੁਰ ਅਵਸਥਾ ਵਿਚ। ਵੱਖ ਵੱਖ ਸਮੇਂ ਭਾਰਤੀ ਸੰਪਰਦਾਵਾਂ ਅਤੇ ਦਰਸ਼ਨ ਗ੍ਰੰਥਾਂ ਨੇ ਇਸ ਸੁੰਨ-ਸ਼ਕਤੀ ਨੂੰ ਮੰਨਿਆਂ ਤਾਂ ਜਰੂਰ ਹੈ ਪਰ ਇਸਦੇ ਅਰਥ ਵੱਖਰੇ-2 ਕੀਤੇ ਹਨ। ਬ੍ਰਾਹਮਣ ਗ੍ਰੰਥਾਂ ਵਿਚ ਇਸ ਦਾ ਪ੍ਰਯੋਗ ਸ਼ਕਤੀ ਦੇ ਰੂਪ ਵਿਚ ਹੋਇਆ ਹੈ ਜੋ ਕਿ ਪਹਿਲਾਂ ਕ੍ਰਿਆਸ਼ੀਲ ਨਹੀਂ ਸੀ।

ਬੋਧੀ ਧਾਰਮਿਕ ਗ੍ਰੰਥਾਂ ਵਿਚ ਵੀ ਬ੍ਰਹਮ ਨੂੰ 'ਸ਼ੂਨਯ' ਹੀ ਦੱਸਿਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਬ੍ਰਹਮ ਕ੍ਰਿਆਹੀਨ ਸ਼ੂਨਯ ਹੀ ਹੈ ਅਤੇ ਇਹ ਸ਼ਕਤੀ ਸੰਸਾਰ ਦੀ ਉਤਪਤੀ ਦੇ ਕਾਬਲ ਨਹੀਂ ਹੈ। ਪਰ ਮਹਾਂਯਾਨੀਆਂ ਨੇ 'ਸ਼ੂਨਯ' ਨੂੰ 'ਪਰਮਾਰਥ-ਸੱਤਾ ਮੰਨਿਆ ਹੈ।

"ਵੇਦਾਂਤ ਵਿਚ ਬ੍ਰਹਮ ਨੂੰ ਸ਼ੂਨਯ (ਸੁੰਨ) ਮੰਨਿਆ ਗਿਆ ਤੇ ਇਸ ਹਾਲਤ ਨੂੰ ਬ੍ਰਹਮ ਦੀ ਨਿਰਗੁਣ ਅਵਸਥਾ ਜਾਂ ਅਫੁਰ ਅਵਸਥਾ ਕਹਿ ਕੇ ਪੁਕਾਰਿਆ।"

ਪੰਜਾਬੀ ਨਿਰਗੁਣ ਕਵਿਤਾ – ਡਾ. ਕਾਲਾ ਸਿੰਘ ਬੇਦੀ

ਗੁਰਬਾਣੀ ਵਿਚ ਸ਼ਕਤੀ ਨੂੰ ਨਿਰੰਕਾਰ ਜਾਂ ਨਿਰਗੁਣ ਬ੍ਰਹਮ ਕਰਕੇ ਵਰਨਣ ਕੀਤਾ ਗਿਆ ਹੈ ਜੋ ਕਈ ਜੁੱਗਾਂ ਤਕ ਇਕ ਅਫੁੱਰ ਅਵਸਥਾ ਵਿਚ ਤਾੜੀ ਲਾਕੇ ਬੈਠੀ ਰਹੀ ਹੈ।

**ਆਦਿ ਜੁਗਾਦੀ ਅਪਰ ਅਪਾਰੇ ॥ ਆਦਿ ਨਿਰੰਜਨ ਖਸਮ ਹਮਾਰੇ ॥
ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ ॥
ਕੇਤੜਿਆ ਜੁਗ ਧੁੰਧੂਕਾਰੈ, ਤਾੜੀ ਲਾਈ ਸਿਰਜਣਹਾਰੈ ॥
ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥** ਪੰਨਾ ੧੦੨੩)

ਨਿਰੰਕਾਰ ਦੀ ਅਫੁਰ ਅਥਵਾ ਨਿਰਗੁਣ ਅਵਸਥਾ ਬਾਰੇ ਉਹ ਆਪ ਹੀ ਜਾਣਦਾ ਹੈ, ਜੀਵ ਆਖ ਕੇ ਕੁੱਝ ਭੀ ਨਹੀਂ ਬਿਆਨ ਕਰ ਸਕਦਾ :

**ਜੁਗ ਛਤੀਹ ਕੀਓ ਗੁਬਾਰਾ ॥ ਤੂ ਆਪੇ ਜਾਣਹਿ ਸਿਰਜਣਹਾਰਾ ॥
ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥**

ਅਨੇਕਾਂ ਹੀ ਜੁੱਗ ਘੁੱਪ ਹਨੇਰੇ ਵਿਚ ਲੰਘ ਗਏ। ਭਾਵ ਏਕੰਕਾਰ ਦੀ ਅਵਸਥਾ ਵਿਚ ਆਉਣ ਤੋਂ ਪਹਿਲਾਂ, ਸ੍ਰਿਸ਼ਟੀ-ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਅਜੇਹੀ ਹਾਲਤ ਸੀ ਜਿਸ ਬਾਰੇ ਕੁੱਝ ਵੀ ਸਮਝ ਨਹੀਂ ਆ ਸਕਦੀ। ਉਸ ਵੇਲੇ ਅਪਰ-ਅਪਾਰ ਪ੍ਰਮਾਤਮਾ ਨੇ ਆਪਣੇ ਆਪ ਵਿਚ ਸਮਾਧੀ ਲਾਈ ਹੋਈ ਸੀ, ਤਦੋਂ ਨਾ ਤਾਂ ਜਗਤ ਦਾ ਖਿਲਾਰਾ ਸੀ ਤੇ ਨਾ ਹੀ ਮਾਇਆ ਵਾਲੀ ਦੌੜ-ਭੱਜ ਸੀ।

ਪ੍ਰਮਾਤਮਾ ਦੀ ਇਸ ਅਵਸਥਾ ਬਾਰੇ ਗੁਰੂ ਨਾਨਕ ਦੇਵ ਜੀ ਮਾਰੂ ਰਾਗ ਵਿਚ ਬੜੇ ਵਿਸਥਾਰ ਨਾਲ ਜ਼ਿਕਰ ਕਰਦੇ ਹਨ :—

ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ,
ਸੁੰਨ ਸਮਾਧਿ ਲਗਾਇਦਾ ॥

(ਮਾਰੂ ਮਹਲਾ ੧, ਪੰਨਾ ੧੦੩੫)

ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਜਿਸ ਦੀ ਗਿਣਤੀ ਅੱਖਰਾਂ ਵਿਚ ਵਿਚ ਕਰਨੀ ਅਤੀ ਕਠਿਨ ਹੈ ਪਰ ਇਸ਼ਾਰੇ ਮਾਤਰ ਗੁਰੂ ਜੀ ਨੇ ਅਰਬਦ, ਨਰਬਦ (ਅਰਬਾਂ ਹੀ, ਗਿਣਤੀ ਰਹਿਤ) ਦੇ ਸ਼ਬਦ ਵਰਤੇ ਹਨ, ਘੁੱਪ ਹਨੇਰੇ ਵਾਲੀ ਹਾਲਤ ਸੀ। ਉਸ ਵੇਲੇ ਧਰਤੀ ਤੇ ਅਕਾਸ਼ ਨਹੀਂ ਸਨ ਤੇ ਨਾ ਹੀ ਕਿਤੇ ਬੇਅੰਤ ਪ੍ਰਭੂ ਦਾ ਹੁਕਮ ਚਲ ਰਿਹਾ ਸੀ। ਦਿਨ-ਰਾਤ ਤੇ ਚੰਦ ਸੂਰਜ ਵੀ ਨਹੀਂ ਸਨ। ਤਦੋਂ ਨਿਰੰਕਾਰ ਆਪਣੇ ਆਪ ਵਿਚ ਮਾਨੋ ਐਸੀ ਸਮਾਧੀ ਲਾਈ ਬੈਠਾ ਸੀ ਜਿਸ ਵਿਚ ਕੋਈ ਕਿਸੇ ਕਿਸਮ ਦਾ ਫੁਰਨਾ ਨਹੀਂ ਸੀ।

ਕਈ ਜੁੱਗ ਨਿਰੰਕਾਰ ਇਸ ਅਫੁਰ ਜਾਂ ਸੁੰਨ ਦੀ ਅਵਸਥਾ ਵਿਚ ਰਿਹਾ ਪਰ ਇਸ ਸਮੇਂ ਦੌਰਾਨ ਉਸਦੀ ਹਸਤੀ ਇਕ ਜੜ੍ਹ ਰੂਪ ਨਹੀਂ ਸੀ, ਸਗੋਂ ਪਰਮ ਚੇਤਨਾ ਦੀ ਅਵਸਥਾ ਵਿਚ ਸੀ ਇਹ ਉਸਦਾ ਨਿਰਗੁਣ ਸਰੂਪ ਸੀ।

ਸੁੰਨ ਕਲਾ ਅਪਰੰਪਰਿ ਧਾਰੀ ॥
ਆਪਿ ਨਿਰਾਲਮੁ ਅਪਰ ਅਪਾਰੀ ॥
ਆਪੇ ਕੁਦਰਤਿ ਕਰਿ ਕਰਿ ਦੇਖੈ,
ਸੁੰਨਹੁ ਸੁੰਨੁ ਉਪਾਇਦਾ ॥ (ਪੰਨਾ ੧੦੩੭)

"ਨਿਰਗੁਣ ਦਾ ਇਹ ਭਾਵ ਨਹੀਂ ਕਿ ਉਸ ਬ੍ਰਹਮ ਵਿੱਚ ਕੋਈ ਗੁਣ ਨਹੀਂ, ਸਗੋਂ ਇਸਦੇ ਅਰਥ ਹਨ ਕਿ ਉਹ ਕਿਸੇ ਇਕ ਗੁਣ ਵਿਚ ਕੈਦ ਜਾਂ ਸੀਮਤ ਨਹੀਂ। ਇਹ ਸਾਰੇ ਗੁਣ ਉਸ ਦੇ ਹੀ ਤਾਂ ਹਨ ! ਉਹ ਨਿਰਗੁਣ ਇਸ ਲਈ ਹੈ ਕਿ ਉਹ 'ਸਰਵ ਗੁਣ ਸਮਪੰਨ' ਹੈ। ਸਰਵ-ਗੁਣ ਸਮਪੰਨਤਾ ਉਸਦੀ ਵਿਸ਼ੇਸ਼ਤਾ ਹੈ। ਇਸ ਤਰ੍ਹਾਂ ਉਹ ਨਿਰਾਕਾਰ ਇਸ ਲਈ ਹੈ ਕਿ ਸਾਰੇ ਅਕਾਰ ਉਸੇ ਤੋਂ ਹੀ ਉਤਪੰਨ ਹੁੰਦੇ ਹੋਏ ਵੀ ਉਹ ਆਪ ਕਿਸੇ ਆਕਾਰ ਵਿਚ ਨਹੀਂ ਆਉਂਦਾ। ਉਹ ਅਰੂਪ ਇਸ ਲਈ ਹੈ ਕਿ ਉਹ

ਕਿਸੇ ਖਾਸ ਰੂਪ ਵਿਚ ਨਹੀਂ ਦਿਸਦਾ, ਭਾਵੇਂ ਸਾਰੇ ਉਸ ਦੇ ਹੀ ਹਨ। ਉਸਦੀ ਵਡਿਆਈ ਤੇ ਵਿਸ਼ੇਸ਼ਤਾਈ ਏਹੀ ਹੈ ਕਿ ਸਾਰੇ ਗੁਣ ਰੂਪ ਉਤਪੰਨ ਕਰਦਾ ਹੋਇਆ ਵੀ ਉਹ ਗੁਣ-ਰਹਿਤ ਤੇ ਰੂਪ-ਰਹਿਤ ਹੈ।"

(ਉਰਦੂ ਸ਼ਾਇਰੀ ਵਿਚ ਨਿਰਗੁਣ ਧਾਰਾ—ਡਾ. ਜੀਤ ਸਿੰਘ ਸੀਤਲ)

ਫਿਰ ਇਕ ਵਕਤ ਆਇਆ ਜਦੋਂ ਚੇਤਨ-ਨਿਰੰਕਾਰ ਨੇ ਫੁਰਨਾ ਲਿਆ ਤੇ 'ਅਫੁਰ' ਤੋਂ 'ਫੁਰ' ਦੀ ਅਵਸਥਾ ਨੂੰ ਹੋਂਦ ਵਿਚ ਲਿਆਂਦਾ। ਇਹ ਨਿਰੰਕਾਰ ਦਾ ਨਿਰਗੁਣ ਤੋਂ ਸਰਗੁਣ ਸਰੂਪ ਵਿਚ ਆਉਣਾ ਸੀ। ਉਹ ਪਹਿਲਾਂ ਵੀ 'ਇਕ' ਸੀ ਤੇ ਇਸ ਸਰਗੁਣ ਦੀ ਅਵਸਥਾ ਵਿਚ ਆਉਣ ਤੇ ਵੀ 'ਇਕ' ਹੀ ਰਿਹਾ।

ਏਕਮ ਏਕੈ ਆਪੁ ਉਪਾਇਆ ॥
ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੧੧੩)

ਨਿਰੰਕਾਰ ਦੀ ਇਸ ਸਰਗੁਣ ਅਵਸਥਾ ਨੂੰ ਹੀ ਗੁਰਬਾਣੀ ਵਿਚ 'ਏਕੰਕਾਰੁ' ਦਾ ਨਾਂ ਦਿਤਾ ਗਿਆ ਹੈ।

ਇਸ ਬਾਰੇ ਭਾਈ ਗੁਰਦਾਸ ਜੀ ਦੀ ਗਵਾਹੀ ਬੜੀ ਪ੍ਰਮਾਣਿਕ ਹੈ। ਉਨਤਾਲਵੀਂ ਵਾਰ ਦੀ ਦੂਜੀ ਪਉੜੀ ਵਿਚ ਆਪ ਫਰਮਾਉਂਦੇ ਹਨ ਕਿ ਨਿਰੰਕਾਰ ਨੇ ਹੀ ਅਕਾਰ ਬਣਾ ਕਰਕੇ ਆਪਣਾ ਨਾਮ 'ਏਕੰਕਾਰੁ' ਤੇ ਅਪਾਰ ਸਦਵਾਇਆ ਹੈ।

"ਨਿਰੰਕਾਰੁ ਆਕਾਰ ਕਰਿ ਏਕੰਕਾਰੁ ਅਪਾਰ ਸਦਾਇਆ" (ਵਾਰ ੩੯, ਪਉੜੀ ੨)

ਹਵਾਲੇ ਵਜੋਂ ਹੋਰ ਵੇਖੋ ਬਾਈਵੀਂ ਵਾਰ ਦੀ ਪਹਿਲੀ ਪਉੜੀ :—

ਨਿਰਾਧਾਰ ਨਿਰੰਕਾਰੁ ਨ ਅਲਖ ਲਖਾਇਆ,
ਹੋਆ ਏਕੰਕਾਰੁ ਆਪੁ ਉਪਾਇਆ ॥

ਕੁੱਝ ਵਿਦਵਾਨਾਂ ਵਿਚ ਇਹ ਭੁਲੇਖਾ ਹੈ ਉਹ ਨਿਰੰਕਾਰ ਦੀ ਇਸ 'ਏਕੰਕਾਰੁ' ਅਵਸਥਾ ਨੂੰ ਵੀ ਨਿਰਗੁਣ ਹੀ ਸਮਝਦੇ ਹਨ ਜਦ ਕਿ ਇਹ ਸਰਗੁਣ ਅਵਸਥਾ ਹੈ। ਇਹ ਹੋਂਦ ਵਾਲਾ ਤੇ ਅਕਾਰ ਵਿਚ ਆਇਆ ਸਰਗੁਣ ਸਰੂਪ ਹੈ। ਇਸ ਬਾਰੇ ਭਾਈ ਗੁਰਦਾਸ ਜੀ ਦੀ ਗੁਆਹੀ ਬੜੀ ਢੁੱਕਵੀਂ ਹੈ। ਆਪ ਫੁਰਮਾਂਦੇ ਹਨ : —

ਨਿਰੰਕਾਰੁ ਅਕਾਰੁ ਹੋਇ ਏਕੰਕਾਰੁ ਅਪਾਰ ਸਦਾਇਆ ॥

(ਵਾਰ ੨੬, ਪਉੜੀ ੨)

ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੀ ਬਾਣੀ ਵਿਚ ਫਰਮਾਉਂਦੇ ਹਨ :-

ਜਹ ਆਪਿ ਰਚਿਓ ਪਰਪੰਚੁ ਅਕਾਰੁ,
ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ (ਸੁਖਮਨੀ ਸਾਹਿਬ)

"ਅਸਲ ਵਿਚ ਵਾਹਿਗੁਰੂ ਦੀ ਹੋਂਦ ਦੋਹਾਂ ਰੂਪਾਂ ਵਾਲੀ ਹੈ। ਇਕ ਨਿਰਗੁਣ, ਦੂਜਾ ਸਰਗੁਨ। ਆਪਣੇ ਆਪ ਦੇ ਸਬੰਧ ਵਿਚ ਵਾਹਿਗੁਰੂ ਨਿਰਗੁਨ ਅਖਵਾਂਦਾ ਹੈ। ਇਸ ਰੂਪ

ਦਾ ਖਿਆਲ ਅਸੀਂ ਉਸ ਹਾਲਤ ਦਾ ਧਿਆਨ ਧਰਕੇ ਬੰਨ੍ਹ ਸਕਦੇ ਹਾਂ ਜਦੋਂ ਸ੍ਰਿਸ਼ਟੀ ਅਜੇ ਬਣੀ ਨਹੀਂ ਸੀ ਅਤੇ ਵਾਹਿਗੁਰੂ ਅਫੁਰ ਅਵਸਥਾ ਵਿਚ ਆਪਣੇ ਆਪ ਵਿਚ ਹੀ ਸਭ ਕੁੱਝ ਸੀ। ਉਸ ਵਕਤ ਨਾ ਕੋਈ ਧਰਮ ਸੀ, ਨਾ ਨੇਕੀ ਸੀ, ਨਾ ਪੁੰਨ ਸੀ ਨਾ ਪਾਪ ਸੀ, ਨਾ ਦੁੱਖ ਸੁੱਖ ਸੀ ਤੇ ਨਾ ਮੁਕਤ ਬੰਧ ਦਾ ਖਿਆਲ ਸੀ। ਉਸ ਹਾਲਤ ਵਿਚ ਰੱਬ ਦੇ ਭੀ ਇਕ ਹੋਣ ਜਾਂ ਕਰਤਾ-ਪੁਰਖ, ਨਿਰਭਉ, ਨਿਰਵੈਰ, ਅਕਾਲ, ਅਜੋਨੀ ਹੋਣ ਦੇ ਗੁਣਾਂ ਦਾ ਖਿਆਲ ਨਹੀਂ ਬਝ ਸਕਦਾ। ਉਹ ਹਾਲਤ ਨਿਰਗੁਣ ਸੀ। ਫਿਰ ਸ੍ਰਿਸ਼ਟੀ ਪੈਦਾ ਹੋਈ। ਇਸ ਵਿਚ ਮਨੁੱਖ ਦੀ ਜ਼ਿੰਮੇਵਾਰ ਹਸਤੀ ਦੀ ਉਸਾਰੀ ਹੋਈ। "ਪਾਪ ਪੁੰਨ ਸਭ ਭਈ ਕਹਾਵਤ" ਧਰਮ ਅਧਰਮ ਦੇ ਨਖੇੜੇ ਹੋਣ ਲੱਗੇ। ਰੱਬ ਵੀ ਸਰਗੁਣ ਰੂਪ ਵਿਚ ਆਇਆ। ਇਹ ਉਸ ਦਾ ਨਾਮ ਰੂਪ ਸੀ।"

(ਸ਼ਬਦਾਰਥ ਪੋਥੀ ਪਹਿਲੀ ਪੰਨਾ ੨੯੦ ਸ੍ਰੋ. ਗੁ. ਪ੍ਰ. ਕਮੇਟੀ)

'ਅਕਾਲ ਉਸਤਤਿ' ਵਿਚ ਇਸੇ ਏਕੰਕਾਰੁ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਪ੍ਰਣਾਮ ਕਰਦੇ ਹਨ।

"ਪ੍ਰਣਵੋ ਆਦਿ ਏਕੰਕਾਰਾ ਜਲ ਥਲ ਮਹੀਅਲ ਕੀਓ ਪਸਾਰਾ ॥"

(ਅਕਾਲ ਉਸਤਤਿ)

ਪਾਣੀ ਧਰਤੀ, ਤੇ ਅਕਾਸ਼ ਦੇ ਵਿਚ ਇਹੀ ਸਿਰਜਨਹਾਰ 'ਏਕੰਕਾਰ' ਅਨਿਕ ਭਾਂਤ ਹੋਇ ਪਸਰਿਆ ਹੈ ਤੇ ਇਸੇ ਏਕੰਕਾਰੁ' ਨੂੰ ਹੀ ਗੁਰੂ ਅਰਜਨ ਦੇਵ ਜੀ ਧਿਆਉਂਦੇ ਹੋਏ, ਸਾਨੂੰ ਉਸਦੇ ਧਿਆਉਣ ਦਾ ਉਪਦੇਸ਼ ਦਿੰਦੇ ਹਨ।

"ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥"
ਪਉੜੀ ॥ ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ ॥
ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੨੯੬)

'ਏਕੰਕਾਰੁ' ਸਰਵ ਥਾਂ ਵਿਆਪਕ ਹੈ, ਹਰ ਥਾਂ ਸਮਾਇਆ ਹੋਇਆ ਹੈ ਅਤੇ ਉਸ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ ਹੈ।

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ,
ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ,
ਨਾਨਕ ਏਕੁ ਸਮਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੯੩੦)

'ਏਕੰਕਾਰੁ' ਇਕ ਹੈ, ਸਾਰਾ ਖਿਲਾਰਾ ਉਸ ਏਕੰਕਾਰ ਦਾ ਹੀ ਹੈ ਅਤੇ ਉਹ 'ਇਕ' ਪਰ੍ਹੇ ਤੋਂ ਪਰ੍ਹੇ ਬੇਅੰਤ ਹੈ। ਉਸ ਇਕ ਦਾ ਸਾਰਾ ਫੈਲਾਉ ਜਾਂ ਵਿਸਥਾਰਾ ਹੈ, ਇਕੋ ਹੀ ਪੂਰਨ ਹੈ ਅਤੇ ਇਕੋ ਹੀ ਸਾਰੇ ਜੀਆਂ ਦੇ ਪ੍ਰਾਣਾਂ ਦਾ ਆਸਰਾ ਹੈ।

ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ ॥ (ਪੰ ੬੧੬)

ਏਕੰਕਾਰੁ ਏਕੁ ਪਸਾਰਾ, ਏਕੈ ਅਪਰ ਅਪਾਰਾ ॥
ਏਕੁ ਬਿਸਥੀਰਨੁ ਏਕੁ ਸੰਪੂਰਨੁ, ਏਕੈ ਪ੍ਰਾਨ ਅਧਾਰਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੯੨੧)

ਜਿਵੇਂ ਕੋਈ ਬਾਜੀਗਰ ਜਾਂ ਮਦਾਰੀ ਨੇ ਬਾਜੀ ਪਾਈ ਹੋਵੇ ਤੇ ਅਨੇਕਾਂ ਪ੍ਰਕਾਰ ਦੇ ਰੂਪ ਤੇ ਭੇਖਾਂ ਦੇ ਸੁਆਂਗ ਬਣਾਕੇ ਲੋਕਾਂ ਨੂੰ ਵਿਖਾ ਰਿਹਾ ਹੋਵੇ ਪਰ ਖੇਲ ਖਤਮ ਹੋਣ ਤੇ ਉਹ ਖੇਡ ਦੇ ਸਾਰੇ ਖਿਲਾਰੇ ਨੂੰ ਸਮੇਟ ਲੈਂਦਾ ਹੈ। ਇਵੇਂ ਹੀ ਉਸ 'ਏਕੰਕਾਰ' ਨੇ ਜਗਤ ਦੇ ਲੋਕਾਂ ਲਈ ਇਕ ਬਾਜੀ ਪਾਈ, ਖੇਡ ਤਮਾਸ਼ਾ ਰਚਿਆ ਹੈ, ਜਿਸ ਵਿਚ ਸਾਰਾ ਜਗਤ ਰੁੱਝਿਆ ਹੋਇਆ ਹੈ। ਜਦੋਂ ਉਸ 'ਏਕੰਕਾਰੁ' ਨੂੰ ਭਾਉਂਦਾ ਹੈ, ਉਸ ਵੇਲੇ ਇਸ ਸਾਰੇ ਖੇਡ ਤਮਾਸ਼ੇ ਨੂੰ ਖਤਮ ਕਰਕੇ ਆਪਣੇ ਵਿਚ ਸਮੇਟ ਲੈਂਦਾ ਹੈ, ਤਦ ਕੇਵਲ 'ਏਕੰਕਾਰ' ਹੀ ਬਾਕੀ ਰਹਿ ਜਾਂਦਾ ਹੈ।

ਬਾਜੀਗਰਿ ਜੈਸੇ ਬਾਜੀ ਪਾਈ ॥
ਨਾਨਾ ਰੂਪ ਭੇਖ ਦਿਖਲਾਈ ॥
ਸਾਂਗ ਉਤਾਰਿ ਥੰਮ੍ਹਿਓ ਪਾਸਾਰਾ ॥
ਤਬ ਏਕੋ ਏਕੰਕਾਰਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੭੩੬)

ਇਸੇ ਪ੍ਰਕਾਰ ਜਿਸ ਤਰ੍ਹਾਂ ਬੀਜ ਨੂੰ ਬੀਜ ਕੇ ਵੇਖਿਆ ਜਾਵੇ ਉਸਦੇ ਤਰ੍ਹਾਂ ਤਰ੍ਹਾਂ ਦੇ ਪੱਤੇ, ਫੁੱਲ ਆਦਿ ਨਿਕਲਦੇ ਹਨ ਤੇ ਫਿਰ ਫਲ ਬਣਦਾ ਹੈ ਅਤੇ ਫਲ ਪੱਕਣ ਤੇ ਉਹ ਇੱਕ ਬੀਜ ਰੂਪ ਹੋ ਜਾਂਦੇ ਹਨ, ਇਹ ਦਿਸਦਾ ਪ੍ਰਪੰਚ ਜੋ ਬਹੁਰੰਗਾ ਹੈ ਅੰਤ ਨੂੰ ਇਕ 'ਏਕੰਕਾਰੁ' ਹੀ ਰਹਿ ਜਾਂਦਾ ਹੈ।

ਬੀਜੁ ਬੀਜਿ ਦੇਖਿਓ, ਬਹੁ ਪਰਕਾਰਾ
ਫਲ ਪਾਕੇ ਤੇ ਏਕੰਕਾਰਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੭੩੬)

ਜਿਸ ਏਕੰਕਾਰ ਦਾ ਸਾਰਾ ਪਸਾਰਾ ਰਚਿਆ ਹੋਇਆ ਹੈ ਅਤੇ ਜੋ ਸਭ ਪਸਾਰੇ ਨੂੰ ਆਪਣੀ ਰਜਾ ਅਨੁਸਾਰ ਆਪਣੇ ਵਿਚ ਸਮੇਟ ਲੈਂਦਾ ਹੈ, ਜਿਸ 'ਏਕੰਕਾਰੁ' ਨੂੰ ਸਭ ਧਿਆਉਂਦੇ ਹਨ, ਸਿੱਖ ਦਾ ਮਨ ਉਸ ਏਕੰਕਾਰ ਦੇ ਮਿਲਾਪ ਲਈ ਲੋਚਦਾ ਹੈ। ਉਹ ਗੁਰੂ ਦੇ ਦਰਸ਼ਨ ਤੋਂ ਬਲਿਹਾਰ ਜਾਂਦਾ ਹੈ ਜਿਸਨੇ ਉਸਦਾ 'ਏਕੰਕਾਰੁ' ਨਾਲ ਮਿਲਾਪ ਕਰਵਾ ਦਿਤਾ ਹੈ। ਫਿਰ ਸਿੱਖ ਦਾ ਰੋਮ ਰੋਮ ਪੁਕਾਰ ਉਠਦਾ ਹੈ :

ਕਈ ਬੈਕੁੰਠ ਨਾਹੀ ਲਵੈ ਲਾਗੇ ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
ਏਕੰਕਾਰੁ ਸਤਿਗੁਰ ਤੇ ਪਾਈਐ
ਹਉ ਬਲਿ ਬਲਿ ਗੁਰ ਦਰਸਾਇਣਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੧੦੭੮)

ਏਕੰਕਾਰ ਹੀ ਆਦਿ ਹੈ, ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ, ਉਸਦਾ ਸਰੂਪ ਨਿਰਮਲ ਹੈ, ਉਸ ਵਰਗਾ ਹੋਰ ਦੂਜਾ ਕੋਈ ਨਹੀਂ ਹੈ। ਗੁਰਮੁੱਖ ਅਜਿਹੇ ਸਰੂਪ ਵਾਲੇ 'ਏਕੰਕਾਰ' ਨੂੰ ਮਨ ਵਿਚ ਵਸਾ ਲੈਂਦੇ ਹਨ ਕਿਉਂਕਿ ਉਨਾਂ ਨੂੰ ਉਹ ਪਿਆਰਾ ਲਗਦਾ ਹੈ। ਮਨ ਵਿਚ ਵਸਣ ਦੇ ਫਲ ਸਰੂਪ ਉਨਾਂ ਦੇ ਅੰਦਰੋਂ ਹਉਮੈਂ ਦਾ ਨਾਸ ਹੋ ਜਾਂਦਾ ਹੈ ਜਾਂ ਅਹੰਕਾਰ ਦੂਰ ਹੋ ਜਾਂਦਾ ਹੈ।

ਆਦਿ ਨਿਰੰਜਨੁ ਨਿਰਮਲੁ ਸੋਈ ॥
ਅਵਰੁ ਨ ਜਾਣਾ ਦੂਜਾ ਕੋਈ ॥
ਏਕੰਕਾਰੁ ਵਸੈ ਮਨਿ ਭਾਵੈ,
ਹਉਮੈ ਗਰਬੁ ਗਵਾਇਦਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੧੦੩੪)

'ਏਕੰਕਾਰ' ਇਕ ਹੈ, ਉਸ ਦੇ ਬਰਾਬਰ ਦਾ ਹੋਰ ਕੋਈ ਨਹੀਂ, ਉਹ ਨਿਰਾਲਾ ਹੈ, ਭਾਵ ਉਸਦਾ ਕੋਈ ਖਾਸ ਘਰ ਨਹੀਂ, ਉਹ ਕਦੇ ਮਰਦਾ ਨਹੀਂ, ਜੂਨਾਂ ਵਿਚ ਨਹੀਂ ਆਉਂਦਾ, ਉਸ ਦੀ ਕੋਈ ਖਾਸ ਜਾਤਿ ਨਹੀਂ ਉਸਨੂੰ ਮਾਇਆ ਆਦਿ ਦਾ ਵੀ ਕੋਈ ਬੰਧਨ ਨਹੀਂ ਹੈ। ਉਹ ਅਪਹੁੰਚ ਹੈ, ਮਨੁੱਖ ਦੇ ਗਿਆਨ-ਇੰਦਰੀਆਂ ਦੀ ਉਸ ਤਕ ਪਹੁੰਚ ਨਹੀਂ ਹੋ ਸਕਦੀ ਕਿਉਂਕਿ ਉਸਦੀ ਕੋਈ ਖਾਸ ਸ਼ਕਲ ਨਹੀਂ ਤੇ ਨਾ ਹੀ ਕੋਈ ਖਾਸ ਨਿਸ਼ਾਨ ਹੈ ਪਰ ਭਾਲ ਕਰਦਿਆਂ ਉਸ ਨੂੰ ਹਰੇਕ ਘਟਿ ਵਿਚ ਵੇਖ ਸਕੀਦਾ ਹੈ।

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੮੩੮)

ਨਿਰੰਕਾਰ ਦੀ 'ਏਕੰਕਾਰੁ' ਅਵਸਥਾ ਬਾਰੇ ਜਿਕਰ ਕਰਦੇ ਹੋਏ ਭਾਈ ਵੀਰ ਸਿੰਘ ਜੀ ਫਰਮਾਉਂਦੇ ਹਨ ; —

"ਪਹਿਲੇ ਇਕ ਅਕਹਿ ਸੀ, ਜਿਸਦਾ ਨਾਮ ਧਰ ਲਓ 'ਨਿਰੰਕਾਰ'। ਫੇਰ ਇਕ ਅਵਸਥਾ ਆਈ ਸੀ, ਉਸਦਾ ਨਾ ਧਰ ਲਓ 'ਏਕੰਕਾਰ'। ਫੇਰ ਇਕ ਇਹ ਅਵਸਥਾ ਆਈ 'ਸ਼ਬਦ' ਦੀ, ਇਸਦਾ ਨਾਮ ਧਰ ਲਓ 'ਓਅੰਕਾਰ' ਇਸ ਨੂੰ ਨਾਦ ਕਹੋ, ਸ਼ਬਦ ਕਹੋ, ਬਾਣੀ ਕਹੋ, ਅਵਾਜ਼ ਕਹੋ, ਰਾਗ ਕਹੋ, ਕੁੱਛ ਕਹੋ, ਉਹ ਸਾਰਾ ਕਿਹਾ ਨਹੀਂ ਜਾ ਸਕਦਾ।"

(ਭਾਈ ਵੀਰ ਸਿੰਘ ਗੁਰੂ ਚਮਤਕਾਰ ਪੰਨਾ ੮)

ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥
ਕਰਣੈਹਾਰਾ ਬੂਝਹੁ ਰੇ ॥
ਸਤਿਗੁਰੁ ਮਿਲੈ ਤ ਸੂਝੈ ਰੇ ॥

ਦ੍ਰਿਸ਼ਟਮਾਨ ਜਗਤ ਦੀ ਉਤਪਤੀ ਓਅੰਕਾਰ ਤੋਂ ਹੋਈ ਹੈ ਪਰ ਓਅੰਕਾਰ ਰੂਪ ਵੀ ਤਾਂ ਏਕੰਕਾਰੁ ਤੋਂ ਹੀ ਰਚਿਆ ਹੋਇਆ ਕੌਤਕ ਹੈ। ਇਸ ਭਾਵ ਨਾਲ ਵੇਖਿਆ ਸਪਸ਼ਟ ਹੁੰਦਾ ਹੈ ਕਿ ਜਗਤ ਰਚਨਾ 'ਏਕੰਕਾਰੁ' ਦੇ ਕਵਾਉ ਰੂਪ ਤੋਂ ਹੀ ਹੋਈ ਹੈ। ਭਾਈ ਗੁਰਦਾਸ ਜੀ ਇਸ ਗੱਲ ਨੂੰ ਸਪਸ਼ਟ ਕਰਦੇ ਹੋਏ ਲਿਖਦੇ ਹਨ :

> ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ।
> ਹੋਆ ਏਕੰਕਾਰੁ ਆਪੁ ਉਪਾਇਆ
> ਓਅੰਕਾਰਿ ਅਕਾਰੁ ਚਲਿਤੁ ਰਚਾਇਆ ॥

**ਵਾਰ ੨੨ ਪਉੜੀ ਪਹਿਲੀ**

'ਏਕੰਕਾਰੁ' ਦੀ ਰਚਨਾ ਅੰਤ ਉਸਦੇ ਹੁਕਮ ਅਨੁਸਾਰ ਏਕੰਕਾਰੁ ਵਿੱਚ ਹੀ ਸਮਾ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

1) **ਆਪਿ ਸਤਿ ਕੀਆ ਸਭੁ ਸਤਿ ॥**
**ਤਿਸੁ ਪ੍ਰਭ ਤੇ ਸਗਲੀ ਉਤਪਤਿ**
**ਤਿਸੁ ਭਾਵੈ ਤਾ ਕਰੇ ਬਿਸਥਾਰੁ ॥**
**ਤਿਸੁ ਭਾਵੈ ਤਾ ਏਕੰਕਾਰੁ ॥**

(**ਗੁਰੂ ਗ੍ਰੰਥ ਸਾਹਿਬ** ਪੰਨਾ ੨੯੪)

ਇਹ ਜਗਤ ਪਸਾਰਾ ਕਈ ਵਾਰ ਹੋਇਆ ਹੈਅਤੇ ਸਮੇਟਿਆ ਜਾਂਦਾ ਹੈ ਪਰ ਸਦਾ ਸਦੀਵੀ ਏਕੰਕਾਰੁ ਸਰੂਪ ਹੀ ਸਥਿਰ ਰਹਿੰਦਾ ਹੈ। **ਸੁਖਮਨੀ ਸਾਹਿਬ** ਵਿਚ ਗੁਰੂ ਅਰਜਨ ਦੇਵ ਜੀ ਇਸ ਬਾਰੇ ਫੁਰਮਾਂਦੇ ਹਨ :

**ਕਈ ਬਾਰ ਪਸਰਿਓ ਪਾਸਾਰ ਸਦਾ ਸਦਾ ਇਕੁ ਏਕੰਕਾਰ ॥** (ਪੰਨਾ ੨੭੬)

ਮਨੁੱਖੀ ਜੀਵ ਨੂੰ ਵੀ ਇਸ 'ਏਕੰਕਾਰੁ' ਦੇ ਗੁਣ ਹਰ ਰੋਜ ਗਾਉਣੇ ਚਾਹੀਦੇ ਹਨ, ਜਿਸ ਦੀ ਬਰਕਤ ਨਾਲ ਸਾਰੇ ਮਨ-ਚਿੰਦੇ ਪਦਾਰਥ ਪਾਏ ਜਾ ਸਕਦੇ ਹਨ। ਗੁਰੂ ਨੂੰ ਮਿਲਕੇ 'ਏਕੰਕਾਰੁ' ਦਾ ਸਿਮਰਣ ਕਰਕੇ ਹੀ ਮਨੁੱਖਾ ਜਨਮ ਸਫਲ ਹੋਇਆ ਹੈ।

> **ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ ॥**
> **ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥**

(**ਸ੍ਰੀ ਗੁਰੂ ਗ੍ਰੰਥ** ਪੰਨਾ ੭੮੨)

ਹਰ ਗੁਰਸਿੱਖ ਦੇ ਮਨ ਦੀ ਇਹ ਅਰਦਾਸ ਹੋਵੇ ਕਿ ਉਸਦੇ ਮਨ ਵਿਚ 'ਏਕੰਕਾਰੁ' ਸਦਾ ਵਸਿਆ ਰਹੇ।

**ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ ॥**

(**ਗੁ: ਗ੍ਰੰਥ ਸਾਹਿਬ** ਪੰਨਾ ੧੩੧੪)

'ਸੰਪਾਦਕੀ ਬੋਰਡ : 'ਗੁਰਬਾਣੀ ਇਸੁ ਜਗ ਮਹਿ ਚਾਨਣੁ'

# ਅੰਧੀ ਕੰਮੀ ਅੰਧ ਸਜਾਇ

— ਮੇਜਰ ਜਗਤ ਸਿੰਘ ਰੀਟਾਇਰਡ

ਕੋਈ ਅਠਾਰਾਂ ਵਰ੍ਹੇ ਹੋਏ, ਹੇਮਕੁੰਟ ਸਾਹਿਬ ਦੀ ਯਾਤਰਾ ਦੇ ਦੌਰਾਨ ਦੋ ਸਾਧੂਆਂ ਨਾਲ ਮੇਲ ਹੋਇਆ, ਪਹਿਲਾਂ ਬਦਰੀ ਨਾਥ ਅਤੇ ਫਿਰ ਗੋਬਿੰਦ ਘਾਟ। ਸੱਤਰ ਸਾਲਾ ਗੋਦੜੀ ਵਾਲੇ ਇਕ ਬ੍ਰਿਧ ਸਾਧੂ ਬਦਰੀ ਦੀ ਇਕ ਅਤਿ ਭੀੜੀ ਗੁਫਾ ਅੰਦਰ ਕੋਈ ਛੱਤੀਆਂ ਸਾਲਾਂ ਤੋਂ ਭਜਨ ਕਰ ਰਹੇ ਸਨ। ਸੁਖ ਸਾਂਦ, ਦੇ ਬਾਅਦ ਉਹਨਾਂ ਪੁੱਛਿਆ, ਕੀ ਤੁਸੀਂ ਦੱਸ ਸਕਦੇ ਹੋ, ਪੰਚਮ-ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀਆਂ ਚੌਵੀ ਅਸਟਪਦੀਆਂ ਕਿਉਂ ਉਚਾਰੀਆਂ ? 23, 25 ਜਾਂ ਵੱਧ ਘੱਟ ਕਿਉਂ ਨਹੀਂ ?

ਅਸੀਂ ਸੱਤ ਜਣੇ ਸਾਂ ਤੇ ਸੱਤਾਂ ਪਾਸੋਂ ਹੀ ਕੋਈ ਉਤਰ ਨਾ ਪਾ ਕੇ ਉਸ ਨੇ ਦੱਸਿਆ "ਕਿ ਬੰਦਾ ਇਕ ਦਿਨ ਤੇ ਰਾਤ (ਚੌਵੀ ਘੰਟਿਆਂ) ਵਿਚ ਚੌਵੀ ਹਜ਼ਾਰ ਸੁਆਸ ਲੈਂਦਾ ਹੈ ਤੇ ਇਨ੍ਹਾਂ ਚੌਵੀ ਹਜ਼ਾਰ ਸੁਆਸਾਂ ਦੇ ਭਲੇ ਲਈ, ਸਤਿਗੁਰ ਸੱਚੇ ਪਾਤਿਸ਼ਾਹ ਜੀ ਨੇ ਚੌਵੀ ਅਸਟਪਦੀਆਂ ਦਾ ਉਚਾਰਨ ਕੀਤਾ।" ਨਾਲੇ ਕਿਹਾ, "ਜੇ ਤੁਸੀਂ ਦੋ ਘੰਟੇ ਸਵੇਰੇ ਤੇ ਦੋ ਘੰਟੇ ਰਾਤੀਂ ਸੌਣ ਲੱਗਿਆਂ, "ਵਾਹਿਗੁਰੂ ਵਾਹਿਗੁਰੂ" ਜਪੋ ਤਾਂ ਜਨਮ ਮਰਨ ਦਾ ਗੇੜ ਕੱਟਿਆ ਜਾਵੇਗਾ।" ਉਪਰੰਤ ਉਹਨਾਂ ਸਾਨੂੰ ਇਕ ਹੋਰ ਸਾਧੂ ਪਾਸ ਭੇਜਿਆਂ ਜੋ ਨੇੜੇ ਹੀ ਇਕ ਕੁਟੀਆ ਵਿਚ ਰਹਿੰਦੇ ਸਨ, ਅਤੇ "ਹਾਂਡੀ ਵਾਲੇ ਮਹਾਤਮਾ" ਕਰ ਕੇ ਜਾਣੇ ਜਾਂਦੇ ਸਨ। ਉਹ ਇਕ ਪੂਰਨ ਗੁਰਸਿੱਖ ਸਨ। ਪਹਿਰਾਵਾ ਜੋਗੀਆਂ ਵਾਲਾ ਤੇ ਆਯੂ ਕੋਈ ਪੰਜਾਹ ਵਰ੍ਹਿਆਂ ਦੀ ਹੋਵੇਗੀ। ਦਗ ਦਗ ਕਰਦਾ ਪ੍ਰਭਾਵਸ਼ਾਲੀ ਨੂਰੀ ਚਿਹਰਾ ਉਹਨਾਂ ਦੇ ਭਜਨੀਕ ਹੋਣ ਦੀ ਗਵਾਹੀ ਦੇ ਰਿਹਾ ਸੀ। ਗੁਰਬਾਣੀ ਉਹਨਾਂ ਨੂੰ ਅਥਾਹ ਕੰਠ ਸੀ। ਸ਼ਾਇਦ ਹੀ ਕਿਸੇ ਨੂੰ ਹੋਵੇ। ਇਹਨਾਂ ਦੋਵਾਂ ਮਹਾਤਮਾਵਾਂ ਨਾਲ ਵਿਚਾਰ ਵਟਾਂਦਰਾ ਕਰਕੇ ਅਸੀਂ ਗੋਬਿੰਦ ਘਾਟ ਤੋਂ ਹੁੰਦੇ ਹੋਏ ਹੇਮ ਕੁੰਟ ਸਾਹਿਬ ਚਲੇ ਗਏ। ਚਾਰ ਦਿਨਾਂ ਬਾਅਦ ਜਦ ਪਰਤੇ, ਤਾਂ ਉਹਨਾਂ ਹੀ ਦੋ ਸਾਧੂਆਂ ਨੂੰ ਸਾਡੀ ਉਡੀਕ ਵਿਚ ਗੋਬਿੰਦ ਘਾਟ ਬੈਠਿਆਂ ਪਾਇਆ। ਪਰਸਪਰ ਮਿਲ ਕੇ ਅਤਿਅੰਤ ਖੁਸ਼ੀ ਹੋਈ। ਇਤਨੇ ਨੂੰ ਬੰਬਈ ਦੇ ਇਕ ਪ੍ਰਸਿੱਧ ਰਾਗੀ ਸਿੰਘ ਵੀ ਕੋਲ ਆ ਬੈਠੇ। ਹਾਂਡੀ ਵਾਲਿਆਂ ਦੇ ਪੁੱਛਣ ਤੇ ਰਾਗੀ ਜੀ ਨੇ ਦੱਸਿਆ, ਉਹ ਗੁਰੂ ਘਰ ਦੇ ਕੀਰਤਨੀਏ ਹਨ। ਤਾਂ ਤੇ ਤੁਹਾਨੂੰ ਕਾਫੀ ਸ਼ਬਦ ਕੰਠ ਹੋਣਗੇ ? ਜੀ ਹਾਂ ਕੋਈ ਪੰਜ ਸੌ ਦੇ ਕਰੀਬ ਸ਼ਬਦ ਯਾਦ ਹਨ, ਰਾਗੀ ਸਿੰਘ ਨੇ ਉੱਤਰ ਦਿੱਤਾ। ਕੀ ਕੁਝ ਸ਼ਬਦ ਸੁਣਾ ਸਕਦੇ ਹੋ ਰਾਗ ਵਿਚ ਨਹੀਂ, ਪੜ੍ਹ ਕੇ ? ਰਾਗੀ ਸਿੰਘ ਜੀ ਜਦ ਦਸ ਬਾਰਾਂ ਸ਼ਬਦ ਪੜ੍ਹ ਚੁੱਕੇ ਤਾਂ ਮਹਾਤਮਾ ਜੀ ਨੇ ਪੁੱਛਿਆ। ਇਹ ਸ਼ਬਦ ਕਿਸ ਕਿਸ ਪਾਤਿਸ਼ਾਹੀ ਦੇ ਉਚਾਰਨ ਕੀਤੇ ਹਨ ? ਅਤੇ ਇਹ ਕਿੱਥੇ ਕਿੱਥੇ, ਕਿਉਂ ਅਤੇ ਕਿਸ ਕਿਸ ਪ੍ਰਥਾਇ ਉਚਾਰੇ ਗਏ ਹਨ ? ਇਹਨਾਂ ਚੋਂ ਖਾਸ ਕਰ ਦੂਜੇ ਸਵਾਲ ਦਾ ਉੱਤਰ ਦੇਣਾ ਨਾ ਕੇਵਲ ਅਤਿ ਕਠਨ ਹੀ ਸੀ, ਬਲਕਿ ਅਸੰਭਵ ਵੀ। ਕੋਈ ਉਤਰ ਨਾ ਪਾ ਕੇ, ਹਾਂਡੀ ਵਾਲਿਆਂ ਦੀਆਂ ਅੱਖਾਂ ਡੁਬ ਡੁਬਾ ਆਈਆਂ, ਗਲਾ ਰੁੱਕ ਗਿਆ। ਆਵਾਜ਼ ਭਾਰੀ ਹੋ ਗਈ। ਬੋਲੇ, ਖੁਸ਼-ਨਸੀਬ ਹੋ ਜਿਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠ ਕੇ ਪਾਠ ਕਰਨ

ਦਾ ਅਧਿਕਾਰ ਹਾਸਲ ਹੈ, ਪਰ ਅਫਸੋਸ ਹੈ ਕਿ ਇਕ ਕੀਰਤਨੀਏ ਹੋਣ ਦੇ ਨਾਤੇ ਤੁਹਾਨੂੰ ਇਹਨਾਂ ਸ਼ਬਦਾਂ ਦੇ ਮੂਲ ਬਾਰੇ ਕੋਈ ਗਿਆਨ ਨਹੀਂ, ਕਿਹਾ, "ਭਾਵੇਂ ਮੈਨੂੰ ਬਦ-ਕਿਸਮਤ ਤੇ ਕਰਮਾਂ ਦੇ ਮਾਰੇ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੇ ਤਾਬੇ ਬੈਠਣ ਦਾ ਹੁਕਮ ਨਹੀਂ ਤਾਂ ਵੀ ਆਪ ਮੇਰੇ ਪਾਸੋਂ ਕਿਸੇ ਵੀ ਸ਼ਬਦ ਬਾਰੇ ਕੁਝ ਪੁੱਛ ਸਕਦੇ ਹੋ।

ਰੱਬ ਦੇ ਪਿਆਰਿਆਂ ਦਾ ਅੰਤ ਨਹੀਂ ਲਈਦਾ, ਤੇ ਨਾ ਹੀ ਉਹਨਾਂ ਦੀ ਵਿਦਵਤਾ ਹੀ ਪਰਖਣੀ ਚਾਹੀਦੀ ਹੈ। ਇਸ ਲਈ ਗੱਲ ਨੂੰ ਪਰਤਾਂਦਿਆਂ ਹੋਇਆਂ ਲੇਖਕ ਨੇ ਪੁੱਛਿਆ, ਆਪ ਜੀ ਨੂੰ ਅਜਿਹਾ ਹੱਕ ਕਿਉਂ ਨਹੀਂ ? ਮਹਾਤਮਾ ਜੀ ਦੀਆਂ ਅੱਖਾਂ ਭਰ ਆਈਆਂ, ਧੀਮੀ ਸੁਰ ਵਿਚ ਬੋਲੇ, 'ਕੀ ਲਉਗੇ ਪੁੱਛ ਕੇ ?' ਸਿਖ-ਸੰਸਾਰ ਦੇ ਭਲੇ ਲਈ ਮੈਂ ਉਤਰ ਦਿੱਤਾ। ਲੰਬਾ ਹਾਉਕਾ ਭਰਦਿਆਂ ਉਹਨਾਂ ਨੇ ਆਪਣੀ ਦਰਦ ਭਰੀ ਵਿਥਿਆ ਕੁਝ ਇਸ ਪ੍ਰਕਾਰ ਸੁਣਾਈ। ਮੇਰੀ ਆਯੂ 19-20 ਵਰ੍ਹਿਆਂ ਦੀ ਹੋਵੇਗੀ ਜਦੋਂ ਕਿ ਮੇਰੇ ਮਨ ਅੰਦਰ ਇਕ ਅਗੰਮੀ ਉਮੰਗ ਤੇ ਤੀਬਰ ਲੋਚਾ ਜਾਗ ਉੱਠੀ ਕਿ ਕਿਸੇ ਪਹੁੰਚੇ ਹੋਏ ਗੁਰਸਿਖ ਮਹਾਂਪੁਰਸ਼ ਪਾਸੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਤਰੀਵਲੇ ਅਰਥਾਂ ਨੂੰ ਸਮਝਿਆ ਜਾਵੇ। ਭਾਰੀ ਢੂੰਡ ਭਾਲ ਦੇ ਬਾਅਦ ਦੁਰਾਡੇ ਇਕ ਪਿੰਡ ਵਿਚ ਇਕ ਨਾਮ-ਰੰਗ ਰੰਗੀਲੜੇ ਬ੍ਰਿਧ ਮਹਾਂਪੁਰਸ਼ ਦੀ ਸੂਹ ਪਈ, ਜੋ ਗੁਰਬਾਣੀ ਦੇ ਸਹੀ ਅਰਥਾਂ ਦਾ ਭਾਰੀ ਗਿਆਨ-ਬੋਧ ਰੱਖਦੇ ਸਨ। ਮੈਂ ਉਹਨਾਂ ਪਾਸ ਜਾ ਹਾਜ਼ਰ ਹੋਇਆ। ਕਹਿਣ ਲੱਗੇ ਖੁਸ਼ੀ ਹੈ ਤੁਸੀਂ ਆਏ ਹੋ, ਪਰ ਮੈਂ ਅਤਿ ਗਰੀਬੜਾ ਸਿੱਖ ਹਾਂ। ਇਤਨੀ ਸਮਰਥਾ ਨਹੀਂ ਜੋ ਤੁਹਾਡੀ ਰਿਹਾਇਸ਼, ਬਿਸਤਰੇ ਤੇ ਖਾਧ ਖੁਰਾਕ ਬਾਰੇ ਕੁਝ ਕਰ ਸਕਾਂ। ਚੰਗਾ ਹੋਵੇ, ਜੇ ਤੁਸੀਂ ਵੀ ਹੋਰਨਾਂ ਮੁੰਡਿਆਂ ਵਾਂਗ ਕਿਤੇ ਆਪਣੀ ਕੁੱਲੀ, ਜੁੱਲੀ, ਤੇ ਗੁੱਲੀ ਦਾ ਖੁਦ ਪ੍ਰਬੰਧ ਕਰ ਲਉ ਤੇ ਮੇਰੇ ਪਾਸੋਂ ਆ ਕੇ ਸੰਥਿਆ ਲੈ ਜਾਇਆ ਕਰੋ। ਉਹਨਾਂ ਦੱਸਿਆ ਇੱਥੇ ਬੜੇ ਬੜੇ, ਧਨਾਢ ਸਿਖ ਜ਼ਿਮੀਦਾਰ ਹਨ। ਕੋਸ਼ਿਸ਼ ਕਰੋ, ਸ਼ਾਇਦ ਕੋਈ ਆਪ ਨੂੰ ਰੱਖ ਲਵੇ। ਪੁਛਦਿਆਂ ਪੁਛਾਂਦਿਆਂ ਇਕ ਗੁਰਸਿਖ ਜ਼ਿਮੀਦਾਰ ਪਾਸ ਜਾ ਕੇ ਆਪਣੀ ਔਕੜ ਦੱਸੀ। ਉਹਨਾਂ ਇਹ ਕਹਿ ਕੇ ਰੱਖ ਲਿਆ ਕਿ ਮੈਂ ਹਰ ਰੋਜ਼ ਉਹਨਾਂ ਦੇ ਘਰ ਪ੍ਰਕਾਸ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਸੁਣਾ ਦਿਆਂ ਕਰਾਂ। ਮੇਰਾ ਯਥਾਸ਼ਕਤ ਲੋੜੀਂਦਾ ਪ੍ਰਬੰਧ ਉਹਨਾਂ ਕਰ ਦਿੱਤਾ। ਮੈਂ ਖੁਸ਼ ਸਾਂ। ਪਰ ਹਾਲੇ ਮਸਾਂ ਕੋਈ ਚਾਰ ਦਿਨ ਹੀ ਹੋਏ ਸਨ ਕਿ ਸਰਦਾਰ ਜੀ ਨੇ ਕਿਹਾ, ਅੱਠਾਂ ਦਿਨਾਂ ਤੱਕ ਸਾਡੇ ਲੜਕੇ ਦੀ ਸ਼ਾਦੀ ਹੈ, ਇਸ ਲਈ ਤੂੰ ਇਕ ਸਪਤਾਹਿਕ ਪਾਠ ਰੱਖ ਦੇ ਮੈਂ ਬੇਨਤੀ ਕੀਤੀ, ਮੈਨੂੰ ਇਤਨਾ ਅਭਿਆਸ ਨਹੀਂ ਜੋ ਇਕ ਹਫਤੇ ਵਿਚ ਸਮਾਪਤੀ ਕਰ ਸਕਾਂ। 'ਇਕ ਮਹੀਨੇ ਦੀ ਜੇ ਮੁਹਲਤ ਦਿਉ ਤਾਂ ਕਿਰਪਾਲਤਾ ਹੋਵੇਗੀ। ਉਦੋਂ ਤਾਂ ਸਰਦਾਰ ਜੀ ਮੰਨ ਗਏ, ਪਰ ਤਿੰਨਾਂ ਦਿਨਾਂ ਬਾਅਦ ਆ ਕੇ ਕਹਿਣ ਲੱਗੇ, ਮਹੀਨੇ ਦੀ ਗੱਲ ਸਾਨੂੰ ਵਾਰਾ ਨਹੀਂ ਖਾਂਦੀ। ਨਾਲੇ ਵਿਆਹ ਦੇ ਬਾਅਦ ਪਾਠ ਕੀ ਆਖੇ। ਬਾਕੀ ਰਹਿ ਗਏ ਨੇ ਪੰਜ ਦਿਨ। ਸੋ ਦਿਨ-ਰਾਤ ਲੱਗ ਕੇ ਸਮਾਪਤੀ ਕਰ ਲੈ। ਮੇਰੀ ਮਜਬੂਰੀ ਦੱਸਣ ਤੇ ਉਹ ਵਿਗੜ ਗਏ ਤੇ ਰੋਹ ਵਿਚ ਆ ਕੇ ਬੋਲੇ, ਜੇ ਤੂੰ ਇਉਂ ਪਾਠ ਨਹੀਂ ਕਰ ਸਕਦਾ ਤਾਂ ਦੌੜ ਜਾ ਇਥੋਂ। ਡਾਢੀ ਮੁਸ਼ਕਿਲ ਆ ਬਣੀ, ਸੋਚਿਆ ਇਧਰੋਂ ਰੋਟੀ ਟੁੱਟਰ ਜਾਂਦਾ ਹੈ ਅਤੇ ਉਧਰੋਂ ਸੰਥਿਆ। ਦਿਲੋਂ ਇਹ ਵੀ ਜਾਣਦਾ ਸਾਂ ਕਿ ਇਹ ਮਹਾਨ

ਕਾਰਜ ਮੇਰੇ ਵੱਸ ਦਾ ਨਹੀਂ ਪਰ ਮਰਦਾ ਕੀ ਨਾ ਕਰਦਾ। ਉਤਰ ਦਿੱਤਾ, ਪੂਰੀ ਪੂਰੀ ਵਾਹ ਲਾਂਦਾ ਹਾਂ। ਆਪਣੀ ਜ਼ਮੀਰ ਦੇ ਐਨ ਉਲਟ ਦੋਹਾਂ ਹੱਥਾਂ ਨਾਲ ਰੁੱਗ ਭਰ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੱਠ ਨੌਂ ਸੌ ਪਤਰੇ ਉਥੱਲ ਕੇ ਅੱਗੇ ਪਾਠ ਕਰਨਾ ਸ਼ੁਰੂ ਕਰਨਾ ਵੇਲੇ ਸਿਰ ਭੋਗ ਪਾ ਦਿੱਤਾ। ਇਸ ਤੇ ਸਰਦਾਰ ਜੀ ਬਜਾਏ ਖੁਸ਼ ਹੋਣ ਦੇ ਖਰ੍ਹਵੇ ਹੋ ਕੇ ਬੋਲੇ, " ਤੁਸੀਂ ਲੋਕ ਹੋ ਹੀ ਡੰਡੇ ਦੇ ਯਾਰ। ਸੱਚ ਹੈ 'ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ।"

ਵਿਆਹ ਹੋਇਆਂ ਹਾਲੇ ਕੋਈ ਅੱਠ ਦਿਨ ਹੀ ਹੋਏ ਹੋਣਗੇ ਕਿ ਮੇਰੇ ਦੋਹਾਂ ਹੱਥਾਂ ਵਿਚ ਕੋਹੜ ਫੁੱਟ ਪਿਆ। ਜਿਨ੍ਹਾਂ ਹੱਥਾਂ ਨਾਲ ਮਹਾਰਾਜ ਦੇ ਪਤਰੇ ਉਥੱਲੇ ਸਨ ਉਹਨਾਂ ਵਿਚੋਂ ਪਾਕ ਸਿੰਮਣ ਲੱਗ ਪਈ। ਬੜੀ ਬਦਬੂ ਆਵੇ। ਰੋਟੀ ਖਾਣੀ ਤਾਂ ਇਕ ਪਾਸੇ ਰਹੀ ਗਰਾਹੀ ਤੋੜਾਂ ਤਾਂ ਉਪਰ ਪਾਕ ਡਿੱਗ ਡਿੱਗ ਪਵੇ। ਸੰਥਿਆ ਸਨੇਂ ਮੁੰਡੇ ਵੀ ਨਾਲ ਨਾ ਬਹਿਣ ਦੇਣ। ਆਫਤ ਆ ਬਣੀ, ਬੜਾ ਰੋਵਾਂ ਤੇ ਕੁਰਲਾਵਾਂ। ਅੰਤ ਦੁੱਖੀ ਤੇ ਆਤਰ ਹੋ ਕੇ ਵਿਦਿਆ-ਦਾਤੇ ਦੇ ਪੈਰਾਂ ਵਿਚ ਢੱਠਾ। ਰੋ ਰੋ ਕੇ ਆਪਣੀ ਕਰਤੂਤ ਬਾਰੇ ਦੱਸਿਆ। ਹਾੜੇ ਕੱਢੇ, ਮਾਫੀਆਂ ਮੰਗੀਆਂ। ਅੱਗੋਂ ਉਹਨਾਂ ਨੇ ਕਠੋਰਤਾ ਨਾਲ ਕਿਹਾ, ਮੈਂ ਕੌਣ ਹਾਂ ਮਾਫੀ ਦੇਣ ਵਾਲਾ? ਬਖ਼ਸ਼ੇ ਉਹ ਜਿਸ ਦੀ ਤੂੰ ਨਿਰਾਦਰੀ ਕੀਤੀ ਹੈ, ਜਿਹਦਾ ਘੋਰ ਅਪਮਾਨ ਕੀਤਾ ਹੈ। ਤੂੰ ਬਹੁਤ ਮਾੜਾ ਕੀਤਾ ਹੈ, ਪਾਠ ਦੀ ਬੇਅਦਬੀ ਕਰਕੇ ਭਾਰੀ ਜ਼ੁਲਮ ਕਮਾਇਆ ਹੈ। ਮੈਂ ਘਿਘਿਆ ਕੇ ਉਹਨਾਂ ਦੇ ਚਰਨ ਫੜ ਲਏ ਤੇ ਕਿਹਾ ਬਖਸ਼ੋ, ਬਖਸ਼ੋ ਵਾਸਤਾ ਜੇ ਗੁਰੂ ਦਾ ਬਖਸ਼ੋ। ਇਕ ਮੂਜ਼ੀ ਮਰਜ਼ ਤੋਂ ਖਹਿੜਾ ਛੁਡਾਓ। ਕਦੇ ਭੁੱਲ ਕੇ ਵੀ ਅਜਿਹੀ ਅਵੱਗਿਆ ਨਹੀਂ ਕਰਾਂਗਾ। ਮੇਰੇ ਘੰਟਿਆਂ ਬੱਧੀ ਹਾੜ੍ਹਿਆਂ ਤਰਲਿਆਂ, ਮਿੰਨਤਾਂ ਤੇ ਤਰਸ ਖਾ ਕੇ ਬੋਲੇ, ਬਖਸ਼ਣ ਵਾਲਾ ਤੇ ਉਹ ਆਪ ਹੈ, ਪਰ ਕੀ ਜੋ ਤੈਨੂੰ ਕਰਨ ਲਈ ਕਹਾਂ ਕਰੇਂਗਾ? ਮੈਂ ਵਿਸ਼ਵਾਸ ਦਿਵਾਇਆ ਕਿ ਜ਼ਰੂਰ ਕਰਾਂਗਾ। ਮਹਾਤਮਾ ਬੋਲੇ, ਸੁਣ, ਪਛਤਾਵੇ ਵਜੋਂ ਤੈਨੂੰ ਚਾਲੀ ਦਿਨ ਲਗਾਤਾਰ ਪੰਜ ਪਾਠ ਸੁਖਮਨੀ ਸਾਹਿਬ ਦੇ ਹਰ ਰੋਜ਼ ਕਰਨੇ ਹੋਣਗੇ। ਜਿੰਨਾ ਚਿਰ ਸਮਾਪਤੀ ਨਾ ਕਰ ਲਏਂ ਇੱਥੇ ਨਾ ਆਵੀਂ। ਮੈਂ ਆਗਿਆ ਅਨੁਸਾਰ ਪਾਠ ਕਰਨੇ ਸ਼ੁਰੂ ਕਰ ਦਿੱਤੇ। ਦਿਨ-ਬ-ਦਿਨ ਹੱਥਾਂ ਦਾ ਫ਼ਰਕ ਪੈਣਾ ਸ਼ੁਰੂ ਹੋ ਗਿਆ। ਚਾਲੀਵੇਂ ਦਿਨ ਮਹਾਂਪੁਰਸ਼ ਜਲਾਲ ਵਿਚ ਆ ਕੇ ਬੋਲੇ, ਤੂੰ ਸੱਚੇ ਪਾਤਿਸ਼ਾਹ ਜੀ ਦਾ ਘੋਰ ਅਪਮਾਨ ਖੁਦਗਰਜ਼ੀ ਲਈ ਕੀਤਾ ਸੀ। ਇਸ ਲਈ ਸਜ਼ਾ ਤੈਨੂੰ ਇਹ ਦਿੱਤੀ ਜਾਂਦੀ ਹੈ ਕਿ ਅੱਗੇ ਤੋਂ ਲੈ ਕੇ ਤੂੰ ਸਾਰੀ ਜ਼ਿੰਦਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਹੀਂ ਬੈਠੇਂਗਾ। ਜੇ ਤੂੰ ਇਸ ਹੁਕਮ ਦੀ ਅਵੱਗਿਆ ਕੀਤੀ ਤਾਂ ਫਿਰ ਉਹ ਕੋਹੜ ਫੁੱਟੇਗਾ, ਜਿਸ ਦਾ ਇਲਾਜ ਇਸ ਦੁਨੀਆਂ ਦੇ ਤਖਤੇ ਤੇ ਨਾ ਹੋ ਸਕੇਗਾ। ਮਹਾਂ ਪੁਰਸ਼ ਦੇ ਕਰੋਧ ਭਰੇ ਕਰੜੇ ਬਚਨ ਸੁਣ ਕੇ ਮੈਂ ਕੰਬ ਉਠਿਆ। ਡਰਦਿਆਂ ਝਿਜਕਦਿਆਂ ਤੇ ਠਠੰਬਰਦਿਆਂ ਪੁੱਛਿਆ ਤੇ ਪਾਠ? ਉਹਨਾਂ ਨੇ ਗੱਲ ਨੂੰ ਵਿਚੇ ਟੁੱਕਦਿਆਂ ਕਿਹਾ, ਸੈਂਚੀਆਂ ਤੋਂ। ਇਹ ਹੈ ਮੇਰੀ ਦਰਦ ਭਰੀ ਵਿਥਿਆ। ਕਾਸ਼! ਕਦੀ ਕੋਈ ਇਸ ਤੋਂ ਸਬਕ ਲੈ ਸਕੇ। ਲਗਾਤਾਰ ਪਿਛਲੇ ੩੦ ਸਾਲਾਂ ਤੋਂ ਸਿਸਕ ਰਿਹਾਂ ਹਾਂ ਕਿ ਕਦੋਂ ਗੁਰੂ ਮਹਾਰਾਜ ਦੇ ਤਾਬੇ ਬੈਠਣ ਦਾ ਸੁਭਾਗ ਪ੍ਰਾਪਤ ਹੋਵੇ। ਪਰ ਨਾ ਹੋਇਆ ਤੇ ਨਾ ਹੋਣਾ ਹੈ। ਜਾਪਦਾ ਹੈ ਇਸੇ ਹਸਰਤ ਨਾਲ ਹੀ ਸੰਸਾਰ ਤੋਂ ਜਾਣਾ ਪਵੇਗਾ ਤੇ ਇਹ ਕਹਿ ਕੇ ਹਾਂਡੀ ਵਾਲੇ ਮਹਾਤਮਾ ਜੀ ਫੁੱਟ ਫੁੱਟ ਕੇ ਰੋਣ ਲੱਗ ਪਏ। (੮-੨-੯੩ ਰੋਜ਼ਾਨਾ ਅਕਾਲੀ ਪੱਤ੍ਰਿਕਾ ਵਿਚੋਂ ਧੰਨਵਾਦ ਸਹਿਤ)

## ਸੰਪਾਦਕੀ :

'ਗੁਰਬਾਣੀ ਇਸੁ ਜਗ ਮਹਿ ਚਾਨਣੁ' ਪੱਤ੍ਰਿਕਾ ਦੇ ਸੰਪਾਦਕੀ ਬੋਰਡ ਦੇ ਮੈਂਬਰਾਂ ਨੇ ਆਪਣੇ ਲੰਮੇ ਸਮੇਂ ਦੇ ਜਪੁਜੀ ਸਾਹਿਬ ਦੀ ਬਾਣੀ ਦੇ ਵਿਚਾਰਾਤਮਕ ਅਧਿਅਨ ਪਾਠਕਾਂ ਨਾਲ ਪਿਛੋਂ 'ਮੂਲ-ਮੰਤਰ' ਦੇ ਵਿਸ਼ੇ ਉਤੇ ਲੜੀਵਾਰ ਲੇਖਾਂ ਰਾਹੀਂ ਸਾਂਝ ਪਾਉਣ ਦਾ ਉਪਰਾਲਾ ਅਰੰਭਿਆ ਹੈ। ਇਸ ਲੜੀ ਵਿਚ ਪਹਿਲਾ ਲੇਖ ਆਪ ਜੀ ਲਈ'ਏਕੰਕਾਰੁ' (੧) ਪੇਸ਼ ਕੀਤਾ ਜਾ ਰਿਹਾ ਹੈ। ਅਜਿਹੇ ਵਿਸ਼ਿਆਂ ਉਤੇ ਬੌਧਿਕ ਪੱਧਰ ਉਤੇ ਕਥਨਾ ਕਰੜਾ ਸਾਰ ਹੈ। ਗੁਰੂ ਕਿਰਪਾ ਦੁਆਰਾ ਵਿਚਾਰਤਮਕ ਅਧਿਅਨ ਦੇ ਸਿੱਟੇ ਵਜੋਂ ਜੋ ਵਿਚਾਰ ਅਨੁਭਵ ਹੋਏ ਹਨ, ਉਹ ਪਾਠਕਾਂ ਅੱਗੇ ਰਖ ਰਹੇ ਹਾਂ। ਵਿਚਾਰ ਕਰਦਿਆਂ ਭੁੱਲਾਂ ਹੋ ਸਕਦੀਆਂ ਹਨ। ਵਿਦਵਾਨ ਪਾਠਕ ਆਪਣੇ ਵਿਚਾਰ ਤੇ ਸੁਝਾ ਦੇਕੇ ਧੰਨਵਾਦੀ ਬਨਾਉਣ।

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥
ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥

—ਡਾ. ਪਰਮਜੀਤ ਸਿੰਘ

# ਤੁਹਾਡੇ ਪੱਤਰ

❀ 'ਗੁਰਬਾਣੀ ਇਸੁ ਜਗੁ ਮਹਿ ਚਾਨਣੁ' ਵਿਚ ਹਿੰਦੀ ਵਿਭਾਗ ਬਹੁਤ ਹੀ ਚੰਗਾ ਲੱਗਿਆ। ਪੰਜਾਬ ਤੋਂ ਬਾਹਰ ਹਿੰਦੀ ਪਾਠਕਾਂ ਲਈ ਇਹ ਇਕ ਵੱਡਮੁਲਾ ਖਜਾਨਾ ਹੈ। ਵਾਹਿਗੁਰੂ 'ਗੁਰਬਾਣੀ ਇਸੁ ਜਗ ਮਹਿ ਚਾਨਣ'' ਨੂੰ ਚੜਦੀਆਂ ਕਲਾਂ ਵਿਚ ਰੱਖੇ।

—ਦਲਜੀਤ ਸਿੰਘ ਪ੍ਰੇਮੀ ਸਾਂਗਣ (ਹਰਿਆਣਾ)

❀ ਬਜ਼ੁਰਗ ਬਾਬਾ ਜਗਨ ਸਿੰਘ ਜੀ ਦੀ ਪ੍ਰੇਰਨਾ ਨਾਲ ਅਧਿਆਤਮਿਕ ਪੰਜਾਬੀ ਮਾਸਿਕ ਪੱਤ੍ਰਕਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਕਰੀਬ ਦੋ ਸਾਲ ਤੋਂ ਪੜ੍ਹ ਰਹੀ ਹਾਂ। ਇਸ ਵਿਚ ਛਪਦੇ ਲੇਖ ਹਨੇਰੇ ਮਨਾਂ ਨੂੰ ਚੰਗੀ ਸੋਝੀ ਦਿੰਦੇ ਹਨ। ਅੱਜ ਦਾ ਸਿੱਖ ਜਗਤ ਦੀਆਂ ਸੁੱਤੀਆਂ ਸੁਰਤਾਂ ਇਹ ਪੱਤ੍ਰਿਕਾ ਜਗਾਉਂਦੀ ਹੈ। ਆਪ ਜੀ ਵਲੋਂ ਜੂਨ ਅੰਕ ਵਿਚ ਲੇਖ 'ਧਿਆਨ' ਬਹੁਤ ਹੀ ਪ੍ਰਸੰਸਾ ਯੋਗ ਹੈ ਜੋ ਕੋਤਜੁਗੀ ਪ੍ਰਾਣੀ ਨੂੰ ਵਾਹਿਗੁਰੂ ਦੇ ਚਰਨ ਨਾਲ ਜੋੜਦਾ ਹੈ। ਅਰਦਾਸ ਹੈ ਕਿ ਸਤਿਗੁਰੂ ਜੀ ਆਪ ਨੂੰ ਲੰਮੀ ਆਯੂ ਬਖਸ਼ਣ ਤਾਂ ਜੋ ਇਹ ਗੁਰਬਾਣੀ ਦਾ ਲੰਗਰ ਸੰਸਾਰ ਦੇ ਕੋਨੇ ਕੋਨੇ ਤੇ ਚਾਨਣ ਪਾਉਂਦਾ ਰਹੇ ਤੇ ਹੋਰ ਵਧੇ ਫੂਲੇ। ਪੱਤ੍ਰਿਕਾ ਦੀ ਹੱਥੀਂ ਵੰਡ ਸੇਵਾ ਦੀ ਚਾਹਵਾਨ ਹਾਂ।

—ਰਾਜਿੰਦਰ ਕੌਰ ਕਲਰਕ ਜਿਲਾ ਕਚੈਰੀਆਂ ਪਟਿਆਲਾ

❋ ਖਾਲਸਾ ਜੀ ਆਪ ਜੀ ਦਾ ਮਾਸਿਕ ਪੱਤਰ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਜੂਨ 1993 ਦਾ ਅੰਕ ਲੁਧਿਆਣੇ ਇਕ ਗੁਰਮੁਖ ਵੀਰ ਜੀ ਕੋਲੋਂ ਪੜ੍ਹਨ ਲਈ ਮਿਲਿਆ। ਪੜ੍ਹ ਕੇ ਜਿਥੇ ਮਨ ਨੂੰ ਖੁਸ਼ੀ ਹੋਈ। ਉਥੇ ਆਪ ਜੀ ਨੂੰ ਚਿਠੀ ਲਿਖਣ ਲਈ ਵੀ ਦਿਲ ਨੇ ਮਜਬੂਰ ਕਰ ਦਿੱਤਾ ਕੀ ਇਹੋ ਜਿਹੇ ਗੁਰਮੁਖਿ ਸਿੰਘਾਂ ਨੂੰ ਵਧਾਈ ਭੇਜ ਜੋ ਗੁਰਸਿੱਖੀ ਦਾ ਪ੍ਰਚਾਰ, ਬਗੈਰ ਕਿਸੇ ਲਾਲਚ ਦੇ ਮਾਸਕ ਪੱਤਰ ਫਰੀ ਛਾਪ ਕੇ ਕਰ ਰਹੇ ਹਨ।

—ਭੁਪਿੰਦਰ ਪਾਲ ਸਿੰਘ ਖਾਲਸਾ
ਮੁਖ ਸੇਵਾਦਾਰ ਸਿੰਘ ਸਭਾ ਲਹਿਰਾ ਗਾਗਾ।

❋ ਮੈਂ 50/-ਰੁ: ਹੋਰ ਮਨੀਆਡਰ ਦੁਆਰਾ ਭੇਜ ਦਿੱਤੇ ਹਨ ਉਮੀਦ ਹੈ ਮਿਲ ਗਏ ਹੋਣਗੇ।

ਮੈਂ ਕਈ ਮਹੀਨੇ ਤੋਂ ਸੋਚ ਰਿਹਾ ਸੀ ਕਿ ਤੁਹਾਡੇ ਲੇਖਾਂ ਦੀ ਅਗਰ ਹਿੰਦੀ ਟਰਾਂਸ-ਲੇਸ਼ਨ ਹੋ ਜਾਵੇ ਤਾਂ ਪੰਜਾਬ ਤੋਂ ਬਾਹਰ ਜਿਹੜੇ ਬਚੇ ਪੰਜਾਬੀ ਨਹੀਂ ਪੜ੍ਹੇ ਉਹ ਵੀ ਇਹ ਲੇਖ ਪੜ੍ਹ ਕੇ ਫਾਇਦਾ ਉਠਾ ਸਕਣ। ਪਤਾ ਨਹੀਂ ਤੁਹਾਨੂੰ ਇਹ ਪ੍ਰੇਰਨਾ ਕਿਵੇਂ ਮਿਲੀ ਕਿ ਮਹਾਨ ਕੰਮ ਤੁਸੀਂ ਕਰ ਹੀ ਦਿੱਤਾ ਹੈ। ਦਿਲ ਬਹੁਤ ਖੁਸ਼ ਹੋਇਆ ਤੇ ਮੁੜ ਮੁੜ ਤੁਹਾਡਾ ਧੰਨਵਾਦ ਕਰਦਾ ਹੈ।"

—ਰਘਬੀਰ ਸਿੰਘ (XEN) ਬਿਕਾਨੇਰ

❋ ਪਰਚਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਵਿਚ ਸੇਵਕ ਸ. ਸਰਦਾਰਾ ਸਿੰਘ ਵੱਲੋਂ ਬੜੇ ਵਿਦਵਤਾ ਭਰਪੂਰ ਗੁਰਮਤਿ ਲੇਖ ਛਾਪ ਕੇ ਆਪ ਜੀ ਕੋਲ ਪਹੁੰਚਾਏ ਜਾਂਦੇ ਹਨ। ਜਿੱਥੇ ਉਹ ਆਪ ਉੱਦਮ ਕਰਦੇ ਹਨ, ਉੱਥੇ ਹੋਰਾਂ ਨੂੰ ਵੀ ਪਰਚੇ ਦੀ ਹੱਥੀਂ ਵੰਡ ਸੇਵਾ ਦਾ ਮੌਕਾ ਦੇ ਕੇ ਉੱਦਮ ਤੇ ਉਤਸ਼ਾਹ ਦਿੰਦੇ ਹਨ।

ਦਾਸ ਨੇ ਵੀ ਇਹ ਸੇਵਾ ਸੰਭਾਲੀ ਹੋਈ ਹੈ। ਹਰ ਮਹੀਨੇ ਆਮਦਨ ਖਰਚ ਦਾ ਵੇਰਵਾ ਉਹ ਪਰਚੇ ਦੇ ਆਖਰੀ ਪੰਨਿਆਂ ਤੇ ਦੇ ਦਿੰਦੇ ਹਨ। ਹਮੇਸ਼ਾ ਖਰਚ ਹੀ ਵੱਧ ਹੁੰਦਾ ਹੈ। ਦਾਸ ਦੀ ਆਪ ਪਾਠਕਾਂ ਪਾਸ ਅਪੀਲ ਹੈ ਕਿ ਪਰਚੇ ਨੂੰ ਚਾਲੂ ਰੱਖਣ ਲਈ ਯਥਾ-ਸ਼ਕਤ ਮਾਇਆ ਭੇਜ ਕੇ ਖਰਚਾ ਪੂਰਾ ਕਰਨ ਦਾ ਉਪਰਾਲਾ ਕਰੋ ਜੀ।

ਦੂਜੀ ਬੇਨਤੀ ਹੈ ਕਿ 'ਖਾਲਸਾ' ਸਜੇ ਨੂੰ 1999 ਈ. ਵਿਚ 300 ਸਾਲ ਹੋਣੇ ਹਨ। ਹਰ ਮਾਈ ਭਾਈ ਗੁਰੂ ਵਾਲੇ ਬਨਣ ਲਈ ਬੈਸਾਖੀ 1999 ਈ, ਤਕ ਅੰਮ੍ਰਿਤ ਛਕ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

—ਜਥੇ: ਗੁਰਦਿਆਲ ਸਿੰਘ, ਗੁਰਦੁਆਰਾ ਸਿੰਘ ਸਭਾ,
ਯਾਦਗਾਰ ਗਿ. ਦਿੱਤ ਸਿੰਘ ਨੰਦਪੁਰ ਕਲੌੜ।

# ਕ੍ਰੋਧ--ਸਮਸਿੱਆ

ਬੇਨਤੀ ਹੈ ਕਿ ਮੇਰੀ ਇਕ ਜਾਤੀ ਸਮਸਿਆ ਹੈ। ਪਰ ਹੋਰ ਵੀ ਕਈ ਮੇਰੇ ਜਿਹੇ ਇਸ ਵਿਚ ਗ੍ਰਹਿਸੇ ਹੋਣਗੇ। ਸਮੱਸਿਆ ਹੈ ਕਿ ਮੈਂ ਜਨਮ ਤੋਂ ਹੀ ਕਰੋਧ ਰੋਗ ਵਿਚ ਗ੍ਰਹਿਸਿਆਂ ਹੋਇਆ ਹਾਂ। ਕੋਈ 30-35 ਵਰ੍ਹੇ ਹੋ ਗਏ ਹਨ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਆਪਣੇ ਪਿਛਲੇ ਜਨਮਾਂ ਵਿਚ ਕੀਤੇ ਹੋਏ ਕੁਝ ਬਹੁਤ ਹੀ ਨਾ-ਸੁਖਾਵੇਂ ਕਰਮਾਂ ਦੇ ਫਲ ਸਰੂਪ ਦੰਡ ਦੇ ਤੌਰ ਤੇ ਹੀ ਅਕਾਲ ਪੁਰਖੁ ਨੇ ਇਸ ਜਨਮ ਵਿਚ ਇਹ ਰੋਗ ਮੈਨੂੰ ਲਗਾਇਆ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਕਈ ਢੰਗ ਵਰਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਸਹਿਜ ਪਾਠ ਕੀਤੇ।

ਕਿਤਨੀ ਦੇਰ ਮਹਾਰਾਜ ਦੇ ਸਾਹਮਣੇ ਬੈਠ ਕੇ ਦੰਡ ਭਰੀ ਵਿਲਕਣੀਆਂ ਵੀ ਲਈਆਂ, ਅਥਰੂ ਵੀ ਬਹਾਏ ਪਰ ਸਭ ਕੁਝ ਬੇਸੂਦਕੀ ਸਾਬਤ ਹੋਇਆ। ਕਈ ਵਰੇ ਨੋਟ ਬੁਕ ਰਾਹੀ ਮੈਂ ਇਸ ਦਾ ਹਿਸਾਬ ਕਿਤਾਬ ਵੀ ਰੱਖਿਆ ਤਾਂ ਕਿ ਮੈਨੂੰ ਅਵੇਸਲਾ ਜਾਣ ਕਰਕੇ ਮੇਰੇ ਵਰਤਾਵ ਨੂੰ ਗੰਦਲਾ ਨਾ ਕਰ ਦੇਵੇ। ਮੇਰੀ ਬੇਨਤੀ ਹੈ ਕਿ ਇਸ ਰੋਗੀ ਸਮਸਿਆ ਨੂੰ ਆਪਣੇ ਪਰਚੇ ਦੇ ਕਾਲਮਾਂ ਵਿਚ ਦੇਣ ਦੀ ਕ੍ਰਿਪਾ ਕਰੋ। ਤਾਂ ਜੋ ਕੋਈ ਗੁਰੂ ਦਾ ਪਿਆਰਾ ਇਸ ਦੀਰਘ ਰੋਗ ਤੋਂ ਛੁਟਕਾਰਾ ਪਾਉਣ ਦਾ ਉਪਾਅ ਦਸ ਸਕੇ।

—ਕੁਲਦੀਪ ਸਿੰਘ ਸਾਗਰ (ਐਮ. ਪੀ.)

**ਹੱਲ :** ਤੁਸੀਂ ਮੰਨਦੇ ਹੀ ਨਹੀਂ ਬਲਕਿ ਤੁਹਾਨੂੰ ਪੂਰਾ ਵਿਸ਼ਵਾਸ ਵੀ ਹੈ ਕਿ ਤੁਸੀਂ ਇਹ ਆਪਣੇ ਪਿਛਲੇ ਜਨਮ ਦੇ ਨਾਂ—ਸੁਖਾਵੇਂ ਕਰਮਾਂ ਦੇ ਫਲ ਸਰੂਪ ਦੰਡ ਭੋਗ ਰਹੇ ਹੋ। ਇਹ ਸੌ ਪ੍ਰਤੀਸ਼ਤ ਗੱਲ ਸਹੀ ਹੈ। ਸਾਡਾ ਫਰਜ ਹੈ ਕਿ ਪੁਰਾਣੇ ਕਰਮਾਂ ਅਨੁਸਾਰ ਆਪਣੇ ਭਾਗਾਂ ਨੂੰ ਖੁਸ਼ੀ ਖੁਸ਼ੀ ਭੋਗੀਏ। ਭਾਣੇ ਵਿਚ ਰਹੀਏ। ਜਦੋਂ ਕ੍ਰੋਧ ਆਵੇ ਹੁਕਮ ਜਾਂ ਭਾਣੇ ਦੇ ਸੰਕਲਪ ਨੂੰ ਸਾਹਮਣੇ ਲੈ ਆਈਏ। ਅਤੇ ਆਪਣੇ ਆਪ ਨੂੰ ਸ਼ਾਂਤ ਕਰ ਲਈਏ। ਦੂਜੀ ਗੱਲ ਆਪ ਜੀ ਨੇ ਇਸ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਸਹਿਜ ਪਾਠ ਵੀ ਕੀਤੇ ਲਿਖੇ ਹਨ। ਮਹਾਂ ਵਾਕ ਹੈ : —

**'ਚਰਨ ਕਮਲ ਸਿਉ ਲਾਗੋ ਪਿਆਰੁ ॥ ਬਿਨਸੇ ਕਾਮ ਕ੍ਰੋਧ ਅੰਹਕਾਰ ॥**

ਨਾਮ ਸਿਮਰਨ ਵੀ ਬਹੁਤ ਜ਼ਰੂਰੀ ਹੈ। ਸਾਰੇ ਰੋਗਾਂ ਦੀ ਦਵਾ ਹੈ, ਹੁਕਮ ਤਾਂ ਸਵਾਸ ਸਵਾਸ ਨਾਮ ਜੱਪਣ ਦਾ ਹੈ। ਘੱਟ ਤੋਂ ਘੱਟ ਦਿਨ ਰਾਤ ਦੇ ਚੌਵੀ ਘੰਟਿਆਂ ਦਾ ਦਸਵੰਧ ਢਾਈ ਘੰਟੇ ਦਾਂ ਨਾਮ ਸਿਮਰਨ ਅਤੀ ਜ਼ਰੂਰੀ ਹੈ। ਇਸ ਤਰ੍ਹਾਂ ਕ੍ਰੋਧ ਸਤਿਗੁਰ ਦੀ ਕ੍ਰਿਪਾ ਦੁਆਰਾ ਆਪੇ ਭੱਜ ਜਾਵੇਗਾ।

**'ਕਾਮ ਕ੍ਰੋਧ ਕਾਇਆ ਕਉ ਗਾਲੈ ॥ ਜਿਉ ਕੰਚਨ ਸੁਹਾਗਾ ਢਾਲੈ ॥**

ਜਦੋਂ ਕ੍ਰੋਧ ਆਵੇ ਇਸ ਤੁਕ ਦਾ ਪਾਠ ਸ਼ੁਰੂ ਕਰ ਲਵੋ। ਇਸ ਦੇ ਅਰਥਾਂ ਵੱਲ ਧਿਆਨ ਦਿਉ ਜੀ।

ਕ੍ਰੋਧ ਉਤੇ ਕਾਬੂ ਪਾਉਣ ਲਈ ਹੋਰ ਢੰਗ ਹੈ ਕਿ ਕਿਸੇ ਧਾਰਮਿਕ ਅਸਥਾਨ ਤੇ ਜਾ ਕੇ ਹੱਥੀਂ ਸੇਵਾ ਕਰੋ ਜੀ। ਨਾਲੋ ਨਾਲ ਨਾਮ ਬਾਣੀ ਦਾ ਅਭਿਆਸ ਵੀ।

# ਹਰ ਗੁਰਦੁਆਰੇ ਚ' ਲਾਇਬ੍ਰੇਰੀ

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥

ਸਾਡੀ ਅਜ ਦੀ ਅਵਸਥਾ ਵੇਖਦੇ ਹੋਏ ਸਾਨੂੰ ਮੰਨਣਾ ਪਵੇਗਾ ਕਿ ਸਾਡੀ ਅਜ ਦੀ ਅਵਸਥਾ ਉਪਰ ਇਹ ਤੁੱਕ ਪੂਰੀ ਤਰਾਂ ਢੁਕਦੀ ਹੈ ।

ਬਾਣੀ "ਤੱਤਸਾਰ" ਹੈ "ਵਿਸਥਾਰ" ਨਹੀਂ ਅਤੇ ਤਤਸਾਰ ਵਿਸਥਾਰ ਤੋਂ ਬਿਨਾਂ ਸਮਝ ਆ ਹੀ ਨਹੀਂ ਸਕਦਾ । ਅਸੀਂ ਤੱਤਸਾਰ (ਬਾਣੀ) ਦਾ ਸਿਰਫ ਗਯਾਨ ਹੀ ਕੀਤਾ ਹੈ ਅਖੰਡ ਪਾਠਾਂ ਅਤੇ ਰੈਣ ਸਬਾਈ ਕੀਰਤਨਾ ਰਾਹੀਂ । ਬਾਣੀ ਅੰਦਰ ਦੱਸੇ ਮਨੁੱਖੀ ਔਗਣਾਂ ਨੂੰ ਵੈਗਿਆਨਕ ਵਿਚਾਰਾਂ, ਘਟਨਾਵਾਂ, ਕਹਾਣੀਆਂ, ਸਾਖੀਆਂ ਜੋੜ ਕੇ ਇਹ ਔਗਨਾਂ ਤੋਂ ਸੁਚੇਤ ਇਨ੍ਹਾਂ ਤੋਂ ਛੁਟਕਾਰਾ ਪਾਨ ਦੇ ਰਸਤਿਆਂ ਦੀ ਸਪਸ਼ਟਤਾ ਦੇਣ ਦੀ ਕਦੀ ਕੋਸ਼ਸ਼ ਹੀ ਨਹੀਂ ਕੀਤੀ ।

ਅਪਣੇ ਬੰਗਾਲੀ, ਮਦਰਾਸੀ, ਮਰਾਠੀ ਭਰਾਂਵਾ ਵਲ ਨਿੱਗਾਹ ਮਾਰੀਏ, ਉਨ੍ਹਾਂ ਦੀਆਂ ਮੈਗਜ਼ੀਨਾਂ, ਹਜਾਰਾਂ ਲੱਖਾਂ ਦੀਆਂ ਤਾਦਾਦ ਵਿਚ ਛਪਦੀਆਂ ਹਨ । ਮਰਾਠੀ ਵਿਚ 370 ਦੇ ਆਸ ਪਾਸ ਮਾਸਿਕ ਮੈਗਜ਼ੀਨਾਂ ਛਪਦਿਆਂ ਤੇ ਬਹੁਤ ਮਹਿੰਗੀਆਂ, ਪਰ ਉਹ ਲੱਕੀ ਜਰੂਰ ਪੜ੍ਹਦੇ ਹਨ ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦੁ ਨ ਕਰੇ ਵੀਚਾਰੁ ॥ (ਪੰ. ੫੯੪)

ਇਹ ਨ ਕਾਬਲੇ ਮੁਆਫ ਗਲਤੀ, ਅਪਨੇ ਵਿਚਾਰਕ-ਵਿਕਾਸ ਨੂੰ ਰੋਕਨ ਦੀ ਅਸ਼ੀਂ ਸਦੀਆਂ ਤੋਂ ਕਰਦੇ ਆ ਰਹੇ ਹਾਂ । ਗੁਰੂ ਗੋਬਿੰਦ ਸਿੰਘ ਪਿਤਾ ਨੇ 2-1/2 ਟਨ ਸਮਗਰੀ ਜੇਹੜੀ ਅਨੁਵਾਦ ਕਰਵਾਈ ਸੀ ਅਤੇ ਜੋ ਸਿਰਸਾ ਨਦੀ ਚ' ਰੁੜ ਗਈ ਸੀ, ਇਸ ਸਹਿਤ ਸਮਗੱਰੀ ਦਾ ਮਕਸਦ ਸੀ ਸਿੱਖਾਂ ਦੀਆਂ ਪੜ੍ਹਨ ਰੁਚੀਆਂ ਦਾਂ ਵਿਕਾਸ ਕਰਨਾ ।

ਇਸ ਲਈ ਅਸੀਂ ਜਦੋਂ ਤਕ ਹਰ ਗੁਰਦੁਆਰੇ ਵਿਚ ਲਾਇਬ੍ਰੇਰੀ ਵਿਚ ਚੰਗੀਆਂ ਪੁਸਤਕਾਂ, ਮੈਗਜ਼ੀਨਾਂ ਅਤੇ ਅਖਬਾਰਾਂ ਨਹੀਂ ਰਖਦੇ, ਠੋਕਰਾਂ ਖਾਂਦੇ ਰਹਾਂਗੇ । ਕਿਤਾਬਾਂ, ਅਖਬਾਰਾਂ ਤੋਂ ਸੱਖਣਾ ਸਾਡਾ ਘਰ ਬੀਆਬਾਂਨ ਜੰਗਲ ਵਾਂਗ ਹੈ ।

— ਕੁਲਦੀਪ ਸਿੰਘ ਜਖਮੀ C-19, ਅਮਰ ਕਾਲੋਨੀ ਮਾਰਕਿਟ, ਨਵੀਂ ਦਿੱਲੀ

# ਸਿੱਖੀ

ਕੁਲਦੀਪ ਕੌਰ ਖਾਲਸਾ ਗੁਰੂ ਨਾਨਕ ਕਲੋਨੀ ਖਰੜ

ਸਿੱਖੀ ਸਿਦਕ ਦੀ ਮਾਤਾ, ਸਿਦਕ ਨਿਭਾਉਂਦੀ ਏ ।
ਭੀੜ ਕੌਮ ਉਤੇ ਬਣੇ, ਸੀਸ ਤੱਲੀ ਤੇ ਟਿਕਾਉਂਦੀ ਏ ॥

...... ...... ...... ...... ......

ਸਿੱਖੀ ਧਰਮ ਪਿਆਰਾ, ਹੈ ਬੜਾ ਹੀ ਨਿਆਰਾ ।
ਦੁਖੀ ਮਜ਼ਲੂਮਾਂ ਦਾ, ਇਹ ਬਣਦੀ ਸਹਾਰਾ ॥

ਦੁਖੀ ਦਰ ਉਤੇ ਆਏ, ਸਿੱਖੀ ਸੀਨੇ ਨਾਲ ਲਾਉਂਦੀ ਏ । ਭੀੜ......
ਆਰਿਆਂ ਦੇ ਨਾਲ ਚੀਰੀ, ਬੰਦ ਬੰਦ ਕਟਵਾਏ ।
ਤੱਤੀਆਂ ਲੋਹਾਂ ਤੇ ਬਹਿ ਕੇ, ਸਿਖੀ ਸਿਦਕ ਨਿਭਾਏ ।
ਸੀਸ ਲੈ ਕੇ ਸੀਸ ਦੇਵੇ, ਨਾਂ ਦਿਲ ਚੋਂ ਭੁਲਾਉਂਦੀ ਏ । ਭੀੜ .....
ਸਿੱਖੀ ਕੰਧਾਂ ਚ' ਚਣਾਈ, ਸਿੱਖੀ ਜੰਗਾਂ ਚ' ਲੜਾਈ ।
ਸਿਦਕ ਨਿਭਾਉਂਦੀ ਸਿੱਖੀ, ਮਾਛੀਵਾੜੇ ਆਈ ।
ਲੱਖਾਂ ਪੁੱਤ ਵਾਰੇ, ਨੀਰ ਨੈਣਾਂ ਨਾ ਗਿਰਾਉਂਦੀ ਏ । ਭੀੜ... . ...
ਸਿਖੀ ਸਿਦਕ ਦਾ ਬਾਟਾ, ਜਿਨ੍ਹੇ ਮੁਖ ਲਾ ਲਿਆ ।
ਮਨੁੱਖੀ ਜਨਮ ਦਾ ਜਾਮਾ, ਖਾਲਸਾ ਕਹਾ ਗਿਆ ।
ਨਾਮ ਜਪੋ ਵੰਡ ਛਕੋ, ਸਿੱਖੀ ਇਹੋ ਹੀ ਸਿਖਾਉਂਦੀ ਏ । ਭੀੜ .....

## ਬੰਦੇ ਲਈ ਸੂਝਾ

ਦਾਵੇ ਕੂੜ ਦੇ ਬੰਨ੍ਹਦਾ ਫਿਰੇ ਬੰਦਾ ਧਰਿਆ ਰਹਿੰਦਾ ਹਜ਼ਾਰ ਤੇ ਲੱਖ ਏਥੇ ।
ਜਦੋਂ ਬਾਜ਼ ਅਚਿੰਤੇ ਆ ਪੈਣ ਸਿਰ ਤੇ, ਹੋ ਜਾਂਦੇ ਪਰਵਾਰ ਵੀ ਵੱਖ ਏਥੇ ।
ਔਰਤ ਆਖਦੀ ਪਤੀ ਪ੍ਰੇਤ ਮੇਰਾ, ਕੀ ਕਰਨੈ ਹੁਣ ਏਸ ਨੂੰ ਰੱਖ ਏਥੇ ।
ਸਜਨ ਆਖਣ ਮਿੱਟੀ ਸਮੇਟ ਦਈਏ, ਜਿਨ੍ਹਾਂ ਨਾਲ ਲੰਘਾਏ ਕਈ ਪੱਖ ਏਥੇ ।
ਅੰਤ ਸਮੇਂ ਨਹੀਂ ਕਿਸੇ ਨੇ ਸਾਥ ਦੇਣਾ, ਜਿਹੜੇ ਟੱਕਰ ਲਈ ਮਾਰਦੇ ਝੱਖ ਏਥੇ ।
ਨਾਮ ਜੱਪ ਲੈ ਕੰਮ ਕੋਈ ਨੇਕ ਕਰ ਲੈ 'ਤਾਂਨ' ਫਰਕਣੀ ਮਿਲਣੀ ਨਹੀਂ ਅੱਖ ਏਥੇ ।

ਗਿ: ਜਸਵੰਤ ਸਿੰਘ 'ਤਾਂਨ' ਖੇੜੀ ਬੀਰ ਸਿੰਘ ਫਤਹਿਗੜ੍ਹ ਸਾਹਿਬ)

## ਬੰਦੇ ਦੀਆਂ ਭੁੱਲਾਂ ਤੇ ਗੁਰੂ ਨਾਨਕ ਦਾ ਦਰ

ਗੁਰੂ ਨਾਨਕ ਦਾ ਧਰਮ ਪ੍ਰਚਾਰ ਦੱਸਦਾ,
ਬੰਦੇ ਭੁੱਲਾਂ ਵਿਚ ਜੀਵਨ ਬਿਤਾਉਂਦੇ ਰਹੇ ।
ਲੱਖਾਂ ਲਟਕਦੇ ਪੁੱਠੇ ਖੂਹਾਂ ਅੰਦਰ,
ਕਈ ਜੰਗਲਾਂ ਵਿਚ ਧੂਣੀਆਂ ਧੁਖਾਂਦੇ ਰਹੇ ।
ਕਈ ਭਾਲਦੇ ਰਹੇ ਰੱਬ ਨੂੰ ਬਣ ਜੋਗੀ,
ਲੱਖਾਂ ਮੜੀਆਂ ਮਸਾਨਾ ਤੇ ਮੱਥੇ ਘਸਾਂਦੇ ਰਹੇ ।
ਕਈ ਸੇਵੀਆਂ ਪੂੜੇ ਚਾੜ੍ਹਦੇ, ਪੀਰਾਂ ਪੈਗਬਰਾਂ ਨੂੰ,
ਜਾ ਕੇ ਖੂਹਾਂ ਤੇ ਦੀਵੇ ਜਗਾਉਂਦੇ ਰਹੇ ।
ਸੱਭ ਭੁੱਲ ਭੁਲੇਖਿਆਂ ਨੂੰ ਦੂਰ ਕਰਦਾ,
ਗੁਰੂ ਨਾਨਕ ਦਾ ਰਾਹ 'ਨਿਰਮਾਣ' ਜਿਹੜਾ ।
ਘੁੰਮਣ ਘੇਰੀਆਂ 'ਚੋਂ ਕੱਢ ਬੰਦਿਆਂ ਨੂੰ,
ਕੇਵਲ ਵਾਹਿਗੁਰੂ ਦੇ ਲੱੜ ਲਾਏ ਜਿਹੜਾ ।

(ਬਲਵੰਤ ਸਿੰਘ 'ਨਿਰਮਾਣ' ਅਟਾਰੀ)

# ਗੁਰੂ ਚਰਨਾਂ ਦੀ ਮਹਿਮਾ

– ਪ੍ਰੀਤਮ ਸਿੰਘ ਕਰਨਾਲ

ਸਕਲ ਸੁਗੰਧਤ ਮਿਲਤ ਅਗਰਜਾ ਹੋਤ
ਕੋਟਿ ਅਗਰਜਾ ਮਿਲ ਬਿਸਮ ਸੁ ਬਾਸ ਕੈ ॥
ਸਕਲ ਅਨੂਪ ਰੂਪ ਕਮਲ ਬਿਖ ਸਮਾਤ
ਹੇਰਤ ਹਿਰਾਤ ਕੋਟਿ ਕਮਲਾ ਪ੍ਰਗਾਸ ਕੈ ॥
ਸਰਬ ਨਿਧਾਨ ਮਿਲ ਪਰਮ ਨਿਧਾਨ ਭਏ
ਕੋਟਿਕ ਨਿਧਾਨ ਹੋਇ ਚਕਿਤ ਬਿਲਾਸ ਕੈ ॥
ਚਰਨ ਸਰਨ ਗੁਰ ਮਹਿਮਾ ਅਗਾਧ ਬੋਧ
ਗੁਰਸਿਖ ਮਧੁਕਰ ਅਨਭੈ ਅਭਯਾਸ ਕੈ ॥

ਇਹ ਕਬਿੱਤ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰੂ ਚਰਨਾਂ ਦੀ ਮਹਿਮਾ ਬਾਰੇ ਲਿਖਿਆ ਹੈ। ਇਸ ਵਿਚ ਭਾਈ ਸਾਹਿਬ ਜੀ ਦਸਦੇ ਹਨ ਕਿ ਕਿਸ ਤਰ੍ਹਾਂ ਇਕ ਸਿੱਖ ਵਾਸਤੇ ਗੁਰੂ ਚਰਨਾਂ ਦੀ ਅਹਿਮੀਅਤ ਹੈ। ਪਹਿਲੀ ਮਿਸਾਲ ਉਹ ਸਾਰੀਆਂ ਸੁਗੰਧੀਆਂ ਦੇ ਇਕੱਠੇ ਹੋਣ ਦੀ ਲੈਂਦੇ ਹਨ। ਜੇਕਰ ਸਾਰੀਆਂ ਕਿਸਮ ਦੀਆਂ ਸੁਗੰਧੀਆਂ ਨੂੰ ਇਕੱਠਾ ਕੀਤਾ ਜਾਏ ਤਾਂ ਅਗਰਜਾ ਬਣਦਾ ਹੈ। ਕਰੋੜਾਂ ਅਗਰਜਿਆਂ ਨੂੰ ਜੇਕਰ ਮਿਲਾਇਆ ਜਾਏ ਤਾਂ ਉਸਦੀ ਖੁਸ਼ਬੋ ਇਕ ਬਿਸਮਾਦੀ ਖੁਸ਼ਬੋ ਬਣਦੀ ਹੈ।

ਅਗਲੀਆਂ ਦੋ ਤੁਕਾਂ ਵਿਚ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਜਿਸ ਪ੍ਰਕਾਰ ਸਾਰੀ ਸੁੰਦਰਤਾ ਕਮਲ ਵਿਚ ਵਿਦਮਾਨ ਹੈ ਅਤੇ ਜੇ ਕਰੋੜਾਂ ਕਮਲਾਂ ਦਾ ਪ੍ਰਕਾਸ਼ ਹੋਵੇ ਤਾਂ ਉਹ ਸੁੰਦਰਤਾ ਹੈਰਾਨ ਕਰ ਦੇਣ ਵਾਲੀ ਹੁੰਦੀ ਹੈ।

ਇਸੇ ਪ੍ਰਕਾਰ ਜਿਸ ਤਰ੍ਹਾਂ ਜੇ ਖਜ਼ਾਨੇ ਇਕੱਠੇ ਕਰ ਦਿੱਤੇ ਜਾਣ ਤਾਂ ਪਰਮ ਨਿਧਾਨ ਬਣਦਾ ਹੈ ਅਤੇ ਜੇ ਕਰੋੜਾਂ ਹੀ ਪਰਮ ਨਿਧਾਨ ਇਕੱਠੇ ਹੋ ਜਾਣ ਉਹ ਖਜ਼ਾਨਾ ਤਾਂ ਬਿਲਕੁਲ ਹੀ ਹੈਰਾਨ ਕਰ ਦੇਣ ਵਾਲਾ ਹੁੰਦਾ ਹੈ। ਪਰ ਭਾਈ ਸਾਹਿਬ ਜੀ ਅਖੀਰਲੀਆਂ ਦੋ ਤੁਕਾਂ ਵਿਚ ਫਰਮਾਂਦੇ ਹਨ ਕਿ ਗੁਰੂ ਚਰਨਾਂ ਦੀ ਮਹਿਮਾ ਇਨ੍ਹਾਂ ਸਭਨਾਂ ਤੋਂ ਵੀ ਕਿਤੇ ਜ਼ਿਆਦਾ ਹੈ। ਚਾਹੇ ਕਰੋੜਾਂ ਅਗਰਜਿਆਂ ਦਾ ਇਕੱਠ ਹੋਵੇ, ਕਰੋੜਾਂ ਕਮਲਾਂ ਦਾ ਪ੍ਰਕਾਸ਼ ਹੋਵੇ ਜਾਂ ਕਰੋੜਾਂ ਹੀ ਪਰਮ ਨਿਧਾਨ ਇਕੱਠੇ ਕੀਤੇ ਜਾਣ ਪਰ ਗੁਰਸਿੱਖ ਲਈ ਗੁਰੂ ਚਰਨਾਂ ਦੀ ਮਹਿਮਾ ਦੇ ਬਰਾਬਰ ਨਹੀਂ ਹੋ ਸਕਦੇ ਅਤੇ ਉਹ ਗੁਰੂ ਚਰਨਾਂ ਵਿਚ ਇਕ ਭੌਰੇ ਦੀ ਤਰ੍ਹਾਂ ਮੁਗਧ ਰਹਿੰਦਾ ਹੈ ਤੇ ਇਹੀ ਅਭਿਆਸ ਕਰਦਾ ਹੈ।

ਗੁਰਬਾਣੀ ਵਿਚ ਵੀ ਫਰਮਾਨ ਹੈ :

**'ਗੁਰ ਕੇ ਚਰਨ ਰਿਦੇ ਲੇ ਧਾਰਉ ॥'**

... ... ... ... ... ...

'ਗੁਰ ਕੀ ਚਰਣੀ ਲਗਿ ਰਹੁ
ਵਿਚਹੁ ਆਪੁ ਗਵਾਇ ॥' (ਪੰਨਾ ੬੧

ਇਥੇ ਆਮ ਸਜਣਾਂ ਨੂੰ ਇਕ ਬੜਾ ਵੱਡਾ ਭੁਲੇਖਾ ਲੱਗਦਾ ਹੈ ਕਿ ਚਰਨ ਤਾਂ ਦੇਹ ਧਾਰੀ ਗੁਰੂ ਦੇ ਹੀ ਹੋ ਸਕਦੇ ਹਨ। ਦੂਜੇ ਪਾਸੇ ਗੁਰਬਾਣੀ ਵਿਚ ਸ਼ਬਦ ਗੁਰੂ ਨਾਲ ਜੁੜਨ ਦੀ ਤਾਕੀਦ ਹੈ। ਜੇ ਸ਼ਬਦ ਗੁਰੂ ਨਾਲ ਜੁੜਿਆ ਜਾਏ ਤਾਂ ਸ਼ਬਦ ਦੇ ਚਰਨ ਤਾਂ ਹੁੰਦੇ ਹ ਨਹੀਂ। ਤਾਂ ਤੇ ਗੁਰੂ ਦੇ ਚਰਨ ਹਿਰਦੇ ਵਿਚ ਕਿਵੇਂ ਵਸਾਏ ਜਾਣ ਅਤੇ ਗੁਰੂ ਚਰਨਾਂ ਨਾ ਕਿਵੇਂ ਜੁੜਿਆ ਜਾਏ। ਇਥੇ ਵਿਚਾਰ ਦੀ ਗੱਲ ਇਹ ਹੈ ਕਿ ਜੇ ਚਰਨ ਦੇ ਅਰਥ ਦੇਹ ਨਰਾਂ ਤੋਂ ਹੀ ਲਏ ਜਾਣ ਤਾਂ ਰੱਬ ਦੇ ਚਰਨ ਵੀ ਮੰਨਣੇ ਪੈਣਗੇ ਕਿਉਂਕਿ ਗੁਰਬਾਣ ਵਿਚ ਆਉਂਦਾ ਹੈ—

**ਹਰਿ ਕੇ ਚਰਨ ਹਿਰਦੈ ਬਸਾਵੈ ॥**
**ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥**

(ਪੰਨਾ ੨੭੪

ਹਰੀ ਦੇ ਚਰਨ ਤਾਂ ਹੁੰਦੇ ਹੀ ਨਹੀਂ ਪਰ ਗੁਰਬਾਣੀ ਵਿਚੋਂ ਹਰੀ ਚਰਨਾਂ ਬਾਰੇ ਹੋ ਵੀ ਕਈ ਪ੍ਰਮਾਣ ਦਿੱਤੇ ਜਾ ਸਕਦੇ ਹਨ। ਹਰੀ ਜਾਂ ਰੱਬ ਤਾਂ ਨਿਰਾਕਾਰ ਹੈ। ਇਹ ਘੁੰਡ ਵੀ ਗੁਰੂ ਗਰੰਥ ਸਾਹਿਬ ਵਿਚ ਹੀ ਖੋਲ੍ਹੀ ਗਈ ਹੈ। ਫੁਰਮਾਨ ਹੈ —

**'ਹਿਰਦੈ ਚਰਣ ਸਬਦੁ ਸਤਿਗੁਰ ਕੋ**
**ਨਾਨਕ ਬਾਂਧਿਓ ਪਾਲ ॥** (ਪੰਨਾ ੬੮੦

ਸਤਿਗੁਰ ਦੇ ਸ਼ਬਦ ਨੂੰ ਹਿਰਦੇ ਵਿਚ ਧਾਰਨਾ ਹੀ ਗੁਰੂ ਚਰਨਾਂ ਨੂੰ ਹਿਰਦੇ ਵਿ ਵਸਾਉਣਾ ਹੈ। ਵਾਹਿਗੁਰੂ ਦੇ ਗੁਣਾਂ ਦੀ ਵੀਚਾਰ ਹੀ ਚਰਨ ਕਮਲ ਨਮਸਕਾਰ ਸਮਝਣ ਚਾਹੀਦੀ ਹੈ।

**'ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ ॥'**

(ਪੰਨਾ ੬੭੯

❋❋❋

**ਨੋਟ :—ਪਰਚੇ ਲਈ ਮਨੀਆਡਰ ਰਾਹੀਂ ਸਹਾਇਤਾ ਭੇਜਣ ਵਾਲਿਆ ਅਗੇ ਸਨਿਮਰ ਬੇਨਤੀ ਹੈ ਕਿ ਮਨੀਆਡਰ ਦੇ ਫਾਰਮ ਦੇ ਹੇਠਲੇ ਹਿਸੇ ਅਪਣਾ ਪੂਰਾ ਨਾਂ, ਪਤਾ ਲਿਖਣਾ ਨਾ ਭੁੱਲੋ ਜੀ।**

***

**ਲੇਖਕਾਂ ਪ੍ਰਤੀ ਬੇਨਤੀ ਹੈ ਕਿ ਅਪਣੇ ਲੇਖ ਸਾਨੂੰ ਭੇਜਣ ਤੋਂ ਪਹਿਲਾਂ ਉ ਵਿਚ ਲਿਖੇ ਗੁਰਬਾਣੀ ਦੇ ਫੁਰਮਾਨਾਂ ਦੇ ਸ਼ਬਦ-ਜੋੜ ਪੂਰੀ ਤਰਾਂ ਚੈੱਕ ਕ ਲੈਣ। ਸ਼ਬਦ-ਜੋੜ ਹੂਬਹੂ ਗੁਰੂ ਗ੍ਰੰਥ ਸਾਹਿਬ ਜੀ ਨਾਲ ਮੇਲ ਖਾਣੇ ਚਾਹੀਂ ਹਨ।**

# ਨਮੋ ਸਰਬ ਪਾਲੇ

# Namo Sarb Pale

- Bibi Baljit Kaur Tulsi, 1004, Sector 21-B Chandigarh.

(The Stanza 'Namo Sarb Pale' has been taken from 'Jap' Sahib, the Gurbani of Shri Guru Gobind Singh ji, the tenth guru of the Sikhs. Bibi Baljit Kaur the renowned writer has encellently narrated it in her own words in a poem given blow —Editor)

Hail ! Hail ! to thee, O Lord !
Sustainer of the entire creation !
Hail ! Hail ! to thee, O Lord !
Eternal mother !

Who nourishes the child in the womb ?
Who provides the infant to bloom ?
Who grows the youth to maturity ?
Who carries the aged to the doom ?

Who sprouts, seeds in earth ?
Who grows, leaves to form ?
Who injects perfume in flowers ?
Who developes flowers to charm ?

Who provides food to elephants ?
Who delivers food to ants ?
Who grants food to birdies ?
Who gives food to hen ?

Thou provideth to the water beings O Lord !
Thou proviedeth to the animal beings !
Thou provideth to the birds, O Lord !
Thou provideth to the human beings !

Thou provideth the infinite beings in North !
Thou caterth to the myriads in the East !
Thou supplieth to the countless in the south !
Thou feeds to the innumerables in the west !

Thou supplieth water to the entire panorma !

Thou provideth air to the breathing creation !
Thou furnisheth food to the whole production !
Thou giveth boons to all creatures !
Thou art the only sustainer, O Lord !
Thou art the eternal supplier !
Thou art the only commissary, O Lord !
Thou art the eternal maintainer !
Hail ! Hail ! to thee, O Lord !
Sustainer of the entire creation !
Hail ! Hail ! to thee, O Lord !
Eternal mantanier;

---

# "ਗੁਰਬਾਣੀ ਇਸੁ ਜਗ ਮਹਿ ਚਾਨਣੁ"

## *ਮਾਸਿਕ ਪੱਤ੍ਰਿਕਾ*

ਰਾਹੀਂ ਪਦਾਰਥਵਾਦ ਦੀ ਅਗਨੀ ਵਿਚ ਸੜ ਰਹੇ ਸੰਸਾਰ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਰਾਹੀਂ ਸ਼ਾਂਤੀ ਪਹੁੰਚਾਣ ਹਿੱਤ,

# "ਗੁਰੂ-ਸ਼ਬਦ ਦਾ ਲੰਗਰ

ਚਲ ਰਿਹਾ ਹੈ। 'ਗੁਰੂ ਕੇ ਲੰਗਰ' ਵਾਂਗ ਜਿਸ ਨੂੰ ਕਿ ਹਰ ਕੋਈ, ਬਿਨਾਂ ਕਿਸੇ ਬੰਧਨ ਤੋਂ ਛੱਕ ਸਕਦਾ ਹੈ, ਇਸ ਸ਼ਬਦ ਦੇ ਲੰਗਰ ਵਿਚੋਂ ਬਿਨਾਂ ਕਿਸੇ ਚੰਦੇ (ਮੁੱਲ) ਤੋਂ ਹਜ਼ਾਰਾਂ ਪਾਠਕ ਹਰ ਮਹੀਨੇ ਅਧਿਆਤਮਿਕ ਰਚਨਾਵਾਂ ਪੜ੍ਹਕੇ ਸਤਿਗੁਰਾਂ ਦੀ ਸਿਖਿਆ ਨੂੰ ਗ੍ਰਿਹਣ ਕਰਦੇ ਹਨ।

ਗੁਰਬਾਣੀ ਦੀ ਸਹੀ ਵਿਆਖਿਆ, ਗੁਰ ਇਤਹਾਸ, ਅਮਲੀ ਜੀਵਨ ਤੇ ਨਾਮ ਸਿਮਰਨ ਆਦਿ ਦੇ ਲੇਖ ਗੁਰੂ ਪਿਆਰਿਆਂ ਵਲੋਂ ਇਸ ਵਿਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ।

ਪ੍ਰੇਮੀ ਸੱਜਣ ਆਪਣੀ ਸਮਰੱਥਾ ਅਨੁਸਾਰ ਇਸ ਲੰਗਰ ਲਈ ਮਾਇਕ ਸਹਾਇਤਾ ਭੇਜਦੇ ਰਹਿੰਦੇ ਹਨ। ਆਪ ਜੀ ਪਾਸ ਵੀ ਬੇਨਤੀ ਹੈ ਕਿ ਗੁਰਬਾਣੀ ਚਾਨਣ ਨੂੰ ਵਿਸ਼ਵ ਦੇ ਕੋਨੇ ਕੋਨੇ ਤੇ ਪਹੁੰਚਾਉਣ ਲਈ ਵੱਧ ਤੋਂ ਵੱਧ ਮਾਇਕ ਸਹਾਇਤਾ ਦੇ ਕੇ ਅਪਣੀ ਨੇਕ ਕਮਾਈ ਤੇ ਜੀਵਨ ਸਫਲਾ ਕਰੋ ਜੀ।

## ❀❀❀ *ਲੇਖਕਾਂ ਪ੍ਰਤੀ ਜ਼ਰੂਰੀ ਬੇਨਤੀ*

ਲੇਖਕਾਂ ਪਾਸ ਸਨਿਮਰ ਬੇਨਤੀ ਹੈ ਕਿ ਆਪਣੇ ਲੇਖਾਂ ਵਿਚ ਆਈਆਂ ਗੁਰਬਾਣੀ ਦੇ ਵਾਕਾਂ ਨੂੰ ਵਾਰ-2 ਪੜ੍ਹ ਕੇ, ਸੋਧ ਕੇ, ਭੇਜਣ ਦੀ ਕ੍ਰਿਪਾਲਤਾ ਕਰਨ। ਹਰ ਤੁਕ ਨਾਲ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਦਿੱਤਾ ਜਾਵੇ। ਅਪਣੇ ਲੇਖ ਦੇ ਅੰਤ ਵਿਚ ਵਾਕਾਂ ਦੀ ਸਹੀ ਸਬੰਧੀ ਨੋਟ ਦਿੱਤਾ ਜਾਵੇ ਜੀ।

# ਗੁਰਬਾਣੀ ਸ਼ੁਧ ਉਚਾਰਨ

—ਗਿ: ਹਰਬੰਸ ਸਿੰਘ ਪਟਿਆਲਾ ।

(ਪਿਛਲੇ ਅੰਕ ਤੋਂ ਅੱਗੇ)

**(ਪਉੜੀ—22)**

**ਬਿੰਦੇ ਸਹਿਤ**—ਪਾਤਾਲਾਂ, ਆਗਾਸਾਂ, ਅਠਾਰਹ, ਕਤੇਬਾਂ ।

**ਫੁਟਕਲ**—'ਅਸੁਲੂ' ਨੂੰ 'ਅਸੁ ਲੂ' ਪਦ ਛੇਦ ਕਰਕੇ ਪਾਠ ਕਰਨਾ ਅਸ਼ੁੱਧ ਹੈ ।

**ਪਦ ਅਰਥ** ਪਾਤਾਲਾ - ਪਤਾਲਾਂ ਦੇ ਹੇਠ ਪਤਾਲ । ਆਗਾਸਾ—ਅਕਾਸ਼ਾਂ ਉਤੇ ਅਕਾਸ਼ **ਕਤੇਬਾਂ** - ਮੁਸਲਮਾਨੀ ਮਤ ਦੀਆਂ ਚਾਰ ਕਿਤਾਬਾਂ ।

**(ਪਉੜੀ—੨੩)**

**ਬਿੰਦੇ ਸਹਿਤ**—ਸਾਲਾਹਿਂ, ਨਦੀਆਂ, ਪਵਹਿਂ, ਜਾਣੀਅਹਿਂ, ਗਿਰਹਾਂ, ਮਨਹੁਂ, ਵੀਸਰਹਿਂ ਸ਼ਬਦਾਂ ਨੂੰ ਬਿੰਦੇ ਸਹਿਤ ਉਚਾਰਨਾ ਚਾਹੀਦਾ ਹੈ ।

**ਬਿੰਦੇ ਰਹਿਤ**—ਸਾਲਾਹੀ

**ਫੁਟਕਲ**—'ਸਾਹ' ਦਾ ਉਚਾਰਨ 'ਸ਼ਾਹ' ਕਰਨਾ ਹੀ ਪ੍ਰਸੰਗਕ ਹੈ ।

**ਪਦਅਰਥ** —ਸਾਲਾਹਿ—ਸਲਾਹੁੰਦੇ ਹਨ । ਪਵਹਿ—ਸਮੁੰਦਰ ਵਿਚ ਪੈਂਦੇ ਹਨ। ਜਾਣੀਅਹਿ - (ਫਿਰ ਵਖਰੀ ਹਸਤੀ ਵਿਚ) ਨਹੀਂ ਪਛਾਣੇ ਜਾ ਸਕਦੇ । ਗਿਰਹਾ—ਪਹਾੜਾਂ ਜਿਤਨਾ (ਭਾਵ ਬੇਅੰਤ) ਵੀਸਰਹਿ—ਤੂੰ ਨਾ ਵਿਸਰੇਂ ।

**(ਪਉੜੀ ੨੪)—**

**ਬਿੰਦੇ ਸਹਿਤ**—ਸਿਫਤੀਂ, ਬਿਲਲਾਹਿਂ, ਜਾਹਿਂ, ਥਾਇਂ, ਨਾਂਉ ।

**ਪਦ ਅਰਥ**—ਸਿਫਤੀ—ਸਿਫਤਾਂ, ਬਿਲਲਾਹਿ—ਵਿਲਕਦੈ, ਤਰਲੇ ਲੈਂਦੇ ਹਨ ।

**(ਪਉੜੀ ੨੫)**

**ਬਿੰਦੇ ਸਹਿਤ**—ਮੰਗਹਿਂ, ਕੇਤੀਆਂ, ਤੁਟਹਿਂ, ਪਾਹਿਂ, ਖਾਹੀਂ, ਖਾਹਿਂ, ਮੁਹਿਂ. ਆਖਹਿਂ, ਪਾਤਿਸ਼ਾਹੀਂ ।

2. ਬਖਸ਼ੇ, ਸਿਫਤਿ, ਪਾਤਿਸ਼ਾਹੀਂ ਪਾਤਿਸ਼ਾਹ ਉਚਾਰਨਾ ਠੀਕ ਹੈ ।

**ਪਦ ਅਰਥ** ਖਾਹੀ ਖਾਹਿ—ਖਾਣ ਵਾਲੇ ਖਾਂਦੇ ਹਨ । ਮੁਹਿ—ਮੂੰਹ ਉਤੇ,

**(ਪਉੜੀ ੨੬)**

**ਬਿੰਦੇ ਸਹਿਤ**—ਆਵਹਿਂ, ਜਾਹਿਂ, ਸਮਾਹਿਂ, ਆਖਹਿਂ, ਗੋਪੀਂ, ਕਰਹਿਂ, ਪਾਹਿਂ, ਕਰੇਹਿਂ ਤਾਂ, ਸਕਹਿਂ, ਗਾਵਾਰਾਂ ।

**ਫੁਟਕਲ**—ਬਖਸ਼ੀਸ਼, ਨੀਸ਼ਾਣੁ, ਫੁਰਮਾਣ ।

**ਪਦ ਅਰਥ**—ਆਖਹਿ—ਆਖਦੇ ਹਨ । ਗੋਪੀ—ਗੋਪੀਆਂ, ਗਾਵਾਰੁ—ਮੂਰਖ ।

(ਪਉੜੀ—੨੭)

**ਬਿੰਦੇ ਸਹਿਤ**—ਸਮਾਲੇਂ ਅਸੰਖਾਂ, ਸਿਉਂ, ਗਾਵਹਿਂ, ਜਾਣਹਿਂ, ਵੇਦਾਂ, ਮਹਾਂਬਲ, ਵਰਭੰਡਾਂ ਨਾਈਂ, ਰੰਗੀਂ ਰੰਗੀਂ ਭਾਂਤੀ, ਪਾਤਿਸ਼ਾਹਾਂ, ਸ਼ਾਹਾਂ ਪਰੀਂ ।

**ਫੁਟਕਲ**—'ਸੋ ਦਰੁ' ਦੋ ਸ਼ਬਦ ਹਨ । ਇਨ੍ਹਾਂ ਦਾ ਉਚਾਰਨ 'ਸੋਦਰੁ' ਇਕੱਠਾ ਕਰਨਾ ਅਸ਼ੁਧ ਹੈ । 'ਇਦਾਸਣਿ' ਦਾ ਉਚਾਰਨ ਟਿੱਪੀ ਸਹਿਤ 'ਇੰਦਾਸਣਿ' ਕਰਨਾ ਚਾਹੀਦਾ ਹੈ ।

**ਪਦ ਅਰਥ**—ਸਮਾਲੇ—ਸਮ੍ਹਾਲ ਕਰਦਾ ਹੈ । ਮਹਾਬਲ—ਵਡੇ ਬਲੀ । ਵਰਭੰਡਾ—ਬ੍ਰਹਮੰਡ । ਨਾਈ—ਨਾਮ ਕਰਕੇ । ਰੰਗੀ—ਰੰਗਾਂ ਰੰਗਾਂ ਦੀ, ਨਾਨਾ ਪ੍ਰਕਾਰ ਦੀ । ਸਾਹਾ—ਸ਼ਾਹਾਂ ਦਾ ਵੀ ।

(ਪਉੜੀ ੨੮)

**ਬਿੰਦੇ ਸਹਿਤ**—ਮੁੰਦਾਂ, ਕਰਹਿਂ, ਕਾਇਆਂ ।

**ਪਦ ਅਰਥ**—ਮੁੰਦਾ—ਮੁੰਦਰਾਂ (ਕੰਨ ਪਾਟੇ ਜੋਗੀ ਬਿਲੌਰ ਦੀਆਂ ਦੋ ਮੁੰਦਰਾਂ ਪਾਉਂਦੇ ਹਨ)

(ਪਉੜੀ ੨੯)

**ਬਿੰਦੇ ਸਹਿਤ**—ਵਾਜਹਿਂ ਜਾਂ ਕੀ, ਚਲਾਵਹਿਂ ਆਵਹਿਂ

**ਬਿੰਦੇ ਰਹਿਤ**—'ਨਾਥੀ' ਇਸ ਨੂੰ 'ਨਾਥੀਂ' ਉਚਾਰਨਾ ਅਸ਼ੁਧ ਹੈ)

**ਪਦ ਅਰਥ**—ਵਾਜਹਿ—ਵਜਦੇ ਹਨ ।

(ਪਉੜੀ ੩੦)

**ਫੁਟਕਲ**—'ਇਕੁ ਲਾਏ ਦੀਬਾਣੁ' ਨੂੰ 'ਇਕੁ ਲਾਏ ਦੀ ਬਾਣੁ' ਪਦ ਛੇਦ ਕਰਕੇ ਪੜ੍ਹਨਾ ਠੀਕ ਨਹੀਂ ਹੈ ।

**ਪਦ ਅਰਥ**—ਦੀਬਾਣੁ—ਦਰਬਾਰ

(ਪਉੜੀ ੩੧)

**ਫੁਟਕਲ**—'ਲੋਇ ਲੋਇ' ਨੂੰ 'ਲੋਅ ਲੋਅ' ਪੜ੍ਹਨਾ ਠੀਕ ਨਹੀਂ ਹੈ ।

**ਪਦ ਅਰਥ**—ਲੋਇ ਲੋਇ—ਹਰੇਕ ਲੋਕ ਵਿਚ ।

(ਪਉੜੀ ੩੨)

**ਬਿੰਦੇ ਸਹਿਤ** :—ਹੋਹਿਂ, ਹੋਵਹਿਂ, ਆਖੀਅਹਿਂ, ਪਵੜੀਆਂ, ਗਲਾਂ, ਕੀਟਾਂ ।

**ਬਿੰਦੇ ਰਹਿਤ** :—ਨਦਰੀ । ਇਸ ਦਾ ਉਚਾਰਨ 'ਨਦਰੀਂ' ਕਰਨਾ ਠੀਕ ਨਹੀਂ ਹੈ ।

**ਪਦ ਅਰਥ** :—ਪਵੜੀਆ—ਸਿਮਰਨ ਰੂਪੀ ਪੌੜੀਆਂ । ਗਲਾ—ਬਾਤਾਂ । ਕੀਟਾ—ਕੀੜਿਆਂ ਨੂੰ

(ਪਉੜੀ ੩੩)

**ਬਿੰਦੇ ਰਹਿਤ** :—ਸੁਰਤੀ ਜੁਗਤੀ ।

**ਫੁਟਕਲ** :—'ਸੋਰੁ' ਦਾ ਉਚਾਰਨ ਸ਼ੋਰੁ ਕਰਨਾ ਉਚਿਤ ਹੈ ।

**ਪਦ ਅਰਥ** : ਸੁਰਤੀ—ਸੁਰਤ (ਜੋੜਨ) ਵਿਚ । ਜੁਗਤੀ—ਸਾਧਨਾਂ ਨਾਲ ।

# ਗੁਰਬਾਣੀ ਇਸੁ ਜਗ ਮਹਿ ਚਾਨਣੁ

ਕਵੀ : ਨਰਿੰਦਰ ਸਿੰਘ ਕਮਲ

ਜਿਧਰ ਵੀ ਵੇਖੋ ਦਿਸਦੇ ਉਧਰ, ਹੁਣ ਫਿਕਰਾਂ ਦੇ ਘੁੱਪ ਹਨੇਰੇ !
ਸੱਚ ਅਤੇ ਇਮਾਨ ਦਾ ਪੰਛੀ ਕੂੜ ਕਪਟ ਦੇ ਆ ਗਿਆ ਘੇਰੇ ।
ਬੇਈਮਾਨੀ ਤੇ ਬਕਦਰੀ ਦੀ ਗਹਿਰ ਛਾ ਗਈ ਚਾਰ ਚੁਫੇਰੇ ।
ਦਿਲ ਦਾ ਮਹਿਰਮ ਲੁਕਦਾ ਫਿਰਦਾ, ਛਾਤੀ ਤਣ ਕੇ ਫਿਰਨ ਲੁਟੇਰੇ ।
ਗਿਰਝ ਗਮਾਂ ਦੀ ਆਂਦਰਾਂ ਨੋਚੇ ਕਦੇ ਰਾਤ ਨੂੰ ਕਦੇ ਸਵੇਰੇ ।
ਪਿਆਰ ਤੇ ਨੇਕੀ ਦੇ ਝਟਕਈਆਂ, ਥਾਂ ਥਾਂ ਖੋਲ੍ਹੇ ਨੇ ਝਟਕੇਰੇ ।
ਖੁਦਗਰਜੀ ਦੀ ਗਹਿਰ ਦੇ ਅੰਦਰ, ਅਜ ਨਾ ਖੁਦ ਨੂੰ ਲੋਕ ਪਛਾਨਣ ।
ਹੁਣ ਨ੍ਹੇਰੇ ਚੋਂ ਰਾਹ ਦਿਖਲਾਵੇ ਗੁਰਬਾਣੀ ਇਸੁ ਜਗ ਮਹਿ ਚਾਨਣੁ ।

ਸਾਗਰ ਤੇ ਵੀ ਵਰਸ ਰਹੇ ਨੇ, ਹਉਮੈਂ ਦੇ ਭਖਦੇ ਅੰਗਾਰੇ ।
ਘਰ ਨੂੰ ਛੱਡ ਕੇ ਜਾਵਣ ਕਿੱਥੇ, ਪਾਣੀ ਦੇ ਸਭ ਜੀਵ ਵਿਚਾਰੇ ।
ਬੇਇਨਸਾਫੀ ਦੇ ਵਸ ਆ ਕੇ, ਜਾਣ ਕਈ ਨਿਰਦੋਸ਼ ਮਾਰੇ ।
ਸਜ਼ਾ ਭਲਾਈ ਨੂੰ ਹੀ ਮਿਲਦੀ, ਧਰਮ ਦੇ ਸਿਰ ਤੇ ਚਲਣ ਆਰੇ ।
ਰੋਂਦੀ ਫਿਰਦੀ ਪਿਆਰ ਦੀ ਬੁਲਬੁਲ, ਬਾਗਾਂ ਦੇ ਭੁੱਲ ਗਈ ਨਜ਼ਾਰੇ ।
ਸੋਚੀਂ ਡੁੱਬਿਆ ਹਰ ਕੋਈ ਸੋਚੇ, ਹੋਵਣਗੇ ਹੁਣ ਕਿਵੇਂ ਗੁਜਾਰੇ ।
ਬਹਿ ਕੇ ਅੱਗ ਦੀ ਹਿੱਕੜੀ ਉੱਤੇ, ਲੋਕ ਕਿਵੇਂ ਹੁਣ ਮੌਜਾਂ ਮਾਨਣ ।
ਸੱਚੇ ਸੁਖ ਦਾ ਰਾਹ ਲੱਭਣ ਲਈ, ਗੁਰਬਾਣੀ ਇਸੁ ਜਗ ਮਹਿ ਚਾਨਣੁ ।

ਥਾਂ ਥਾਂ ਫਿਰਦੇ ਦੰਭੀ ਸਾਧੂ ਸ਼ਕਲ ਨਿਰੀ ਸ਼ੈਤਾਨਾਂ ਵਰਗੀ ।
ਬੋਲ ਜਿਨ੍ਹਾਂ ਦੇ ਮਿਸ਼ਰੀ ਵਰਗੇ, ਕਾਰ ਨਿਰੀ ਕਿਰਪਾਨਾਂ ਵਰਗੀ ।
ਰਾਖੇ ਆਪਣੇ ਬਾਗ ਦੇ ਜਿਹੜੇ ਚਲਣ ਚਾਲ ਬੇਈਮਾਨਾਂ ਵਰਗੀ ।
ਏਥੇ ਅਮਨ ਅਮਾਨ ਨਾ ਆਖੋ, ਹਾਲਤ ਹੈ ਸ਼ਮਸ਼ਾਨਾਂ ਵਰਗੀ ।
ਕਦਰ ਕਿਰਤ ਦੀ ਰਹਿ ਗਈ ਏਥੇ, ਆਗੂਆਂ ਦੇ ਬਿਆਨਾਂ ਵਰਗੀ ।
ਰਹੀ ਨਾ ਕੀਮਤ ਇਨਸਾਨਾਂ ਦੀ, ਹੁਣ ਏਥੇ ਇਨਸਾਨਾਂ ਵਰਗੀ ।
ਮੋਅ ਤੇ ਮਾਇਆ ਦੇ ਜੋ ਲੋਭੀ ਪੀੜ ਗ਼ਰੀਬਾਂ ਦੀ ਕੀ ਜਾਨਣ ।
ਦੁਖੀ ਦਿਲਾਂ ਦੀ ਦਵਾ ਹੈ ਇੱਕੋ, ਗੁਰਬਾਣੀ ਇਸੁ ਜਗ ਮਹਿ ਚਾਨਣੁ ।

ਐ ਮਨ ਮੰਨ ਲੈ ਮਨ ਲਗਾ ਕੇ, ਸਤਿਗੁਰ ਦਾ ਉਪਦੇਸ਼ ਨਿਰਾਲਾ ।
ਸੱਚੇ ਸੁਖ ਦਾ ਜੇ ਸੁਖ ਲੈਣਾ ਸੱਚਾ ਹੀ ਹੁਣ ਕਰ ਉਪਰਾਲਾ ।
ਪੰਜ ਚੋਰ ਜੋ ਵਸਦੇ ਅੰਦਰ, ਬਾਹਰ ਭਜਾ ਕੇ ਲਾ ਦੇ ਤਾਲਾ ।

ਅੱਠੇ ਪਹਿਰ ਹੀ ਦੇਵੀਂ ਪਹਿਰਾ, ਸਤਿਨਾਮ ਦੀ ਫੜਕੇ ਮਾਲਾ ।
ਘਰ ਬੈਠੇ ਹੀ ਜਪ ਲੈ ਬਾਣੀ, ਦੱਸ ਗਏ ਨੇ ਗੁਰ ਢੰਗ ਸੁਖਾਲਾ ।
ਮਨ ਦੀ ਨ੍ਹੇਰੀ ਗੁਫਾ ਦੇ ਅੰਦਰ ਗੁਰਬਾਣੀ ਹੀ ਕਰੇ ਉਜਾਲਾ ।
ਕੁੱਝ ਉਨ੍ਹਾਂ ਦੇ ਪਏ ਨਾ ਪੱਲੇ, ਜੋ ਦਰ ਦਰ ਦੀ ਖਾਕ ਨੂੰ ਛਾਨਣ ।
'ਕਮਲ' ਗੁਰਾਂ ਦਾ ਹੁਕਮ ਇਹੀ ਹੈ, ਗੁਰਬਾਣੀ ਇਸੁ ਜਗ ਮਹਿ ਟਾਨਣੁ ।

# 'ਗੁਰੂ ਦਰਸ਼ਨ ਦੀ ਸਿਕ'

ਸੰਤਾ ਸਿੰਘ ਆਜ਼ੀਜ਼

ਸੱਜ ਰਿਹਾ ਦਰਬਾਰ ਗੁਰ ਦਾਤਾਰ ਦਾ,
ਕਰ ਰਿਹਾ ਕਲਿਆਣ ਕੁੱਲ ਸੰਸਾਰ ਦਾ ।
ਹਾਜ਼ਰੀ ਕਿਉਂ ਕਰ ਭਰਾਂ ਗੁਰ ਦਰਬਾਰ ਦੀ,
ਜ਼ਿੰਦਗੀ ਦਾਗੀ ਬਣੀ ਬਦਕਾਰ ਦੀ ।
ਪਾਸ ਹੈ ਤੂੰ ਮੈਂ ਸਮਝਦਾ ਦੂਰ ਹਾਂ,
ਮਾਇਆ ਨੇ ਭਰਮਾਇਆ ਅਤਿ ਮਜਬੂਰ ਹਾਂ ।
ਘੇਰਿਆ ਪੰਜ ਦੁਸ਼ਟਾਂ ਇਸ ਨਾਦਾਨ ਨੂੰ,
ਲੁੱਟ ਰਹੇ ਡਾਕੂ ਇਹ ਹਰ ਇਨਸਾਨ ਨੂੰ ।
ਬਲ ਬਖਸ਼ ਮੈਂ ਦੁਸ਼ਟ ਪੰਜੇ ਢਾਹ ਸਕਾਂ,
ਹਰ ਬੁਰਾਈ ਤੇ ਮੈਂ ਗਾਲਜ ਆ ਸਕਾਂ ।
ਤੇਰੇ ਚਰਨਾ ਸੰਗ ਜੋ ਪ੍ਰੀਤੀ ਜੋੜਦਾ,
ਉਹ ਇਹਨਾਂ ਠੱਗਾਂ ਦਾ ਘੇਰਾ ਤੋੜਦਾ ।
ਕਰਮ ਕਰ ਸੁਣ ਅਰਜ਼ ਅਵਗੁਨ ਹਾਰੇ ਦੀ,
ਭਰ ਸਕਾਂ ਮੈਂ ਹਾਜ਼ਰੀ ਦਰਬਾਰ ਦੀ ।
ਸਿਦਕ ਸ਼ਕਤੀ ਬਖਸ਼ ਬਣ ਜਾਵਾਂ ਤੇਰਾ,
ਪ੍ਰੇਮ ਭਗਤੀ ਬਖਸ਼ ਗੁਣ ਗਾਵਾਂ ਤੇਰਾ ।
ਸੇਵਾ ਪ੍ਰਉਪਕਾਰ ਸਿਮਰਨ ਦਾਨ ਕਰਾ,
ਜਨਮ ਸਫਲਾ ਹੋ ਮੇਰਾ ਕਲਿਆਣ ਕਰ ।
ਅੰਧ ਤੇ ਅਗਿਆਨ ਦਾ ਤੂੰ ਨਾਸੁ ਕਰ,
ਮੁਕਤ ਹੋਵਾਂ ਗਿਆਨ ਦਾ ਪ੍ਰਕਾਸ਼ ਕਰ ।
ਤੇਰੇ ਦਰ ਤੇ ਸਭੁ ਬਲਾਵਾਂ ਟਲਦੀਆਂ,
ਮਨ ਦੀਆਂ ਸਭੁ ਥੁੜੀਆਂ ਜੋਤਾਂ ਜਲਦੀਆਂ,
ਘਿਰਿਆ ਵਿਚ ਮੰਝਧਾਰ ਪ੍ਰੀਤਮ ਸਾਰ ਲੈ
ਡੁਬ ਰਹੇ ਆਜ਼ੀਜ਼ ਨੂੰ ਸਾਹਿਬ ਤਾਰ ਲੈ ।

# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ॥

ਸ. ਅਤਰ ਸਿੰਘ ਭਾਗਵੰਤ 47, ਸੈਕ.- 19-ਏ, ਚੰਡੀਗੜ੍ਹ

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਦੇ ਮਹਲ ਮਾਤਾ ਕਿਸ਼ਨ ਕੌਰ ਜੀ ਦੀ ਕੁੱਖ ਤੋਂ ਤਿੰਨ ਬਾਲਾਂ, ਵੱਡੇ ਬਾਬਾ ਰਾਮ ਰਾਏ ਜੀ, ਦੂਜੇ ਸਪੁਤਰੀ ਬੀਬੀ ਰੂਪ ਕੌਰ ਤੇ ਸਭ ਤੋਂ ਛੋਟੇ ਸ੍ਰੀ ਹਰਕ੍ਰਿਸ਼ਨ ਜੀ ਸਨ ਜਿਨ੍ਹਾਂ ਨੇ ਸਾਵਣ ਵਦੀ 10 ਬੁਧਵਾਰ ਸੰਮਤ 1713 ਬਿਕਰਮੀ (1656 ਈ.) ਨੂੰ ਪ੍ਰਕਾਸ਼ ਧਾਰਿਆ ।

ਸ੍ਰੀ ਗੁਰੂ ਹਰ ਰਾਏ ਜੀ ਕੱਤਕ ਵਦੀ ਨੌਵੀ ਸੰਮਤ 1718 ਬਿਕ੍ਰਮੀ ਨੂੰ ਆਪਣੇ ਆਸਨ ਤੇ ਬੈਠ ਕੇ ਜੋਤੀ ਜੋਤ ਸਮਾ ਗਏ । ਇਸ ਤੋਂ ਇਕ ਦਿਨ ਪਹਿਲਾਂ ਆਪ ਜੀ ਨੇ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਬਖਸ਼ੀ ਉਸ ਸਮੇਂ ਆਪ ਜੀ ਦੀ ਆਯੂ ਕੇਵਲ 5 ਸਾਲ ਸੀ । ਸ੍ਰੀ ਹਰਿ ਕ੍ਰਿਸ਼ਨ ਜੀ ਦੇ ਗੱਦੀ ਤੇ ਬਿਰਾਜਮਾਨ ਹੋਣ ਸਾਰ ਬਾਬਾ ਰਾਮ ਰਾਇ ਜੀ ਨੇ ਭਾਰੀ ਵਿਰੋਧਤਾ ਕੀਤੀ ਤੇ ਔਰੰਗਜ਼ੇਬ ਪਾਸ ਸ਼ਿਕਾਇਤ ਕੀਤੀ ਕਿ ਗੱਦੀ ਤੇ ਬੈਠਣਾ ਮੇਰਾ ਹੱਕ ਸੀ ਪਰ ਪਿਤਾ ਗੁਰੂ ਹਰਿ ਰਾਇ ਜੀ ਨੇ ਗੁਰਗੱਦੀ ਮੇਰੇ ਛੋਟੇ ਭਰਾ ਹਰਿਕ੍ਰਿਸ਼ਨ ਨੂੰ ਦੇ ਦਿੱਤੀ ਹੈ । ਤੁਸੀਂ ਉਸ ਨੂੰ ਸੱਦ ਕੇ ਸਮਝਾਓ ਕਿ ਉਹ ਆਪਣੇ ਆਪ ਨੂੰ ਗੁਰੂ ਨਾ ਕਹਾਏ ।

ਔਰੰਗਜ਼ੇਬ ਨੇ ਇਹ ਕੰਮ ਰਾਜਾ ਜੈ ਸਿੰਘ ਦੇ ਸਪੁਰਦ ਕੀਤਾ ਕਿ ਜਿਵੇਂ ਕਿਵੇਂ ਤੁਸੀਂ ਗੁਰੂ ਹਰਕ੍ਰਿਸ਼ਨ ਜੀ ਨੂੰ ਦਿੱਲੀ ਲੈ ਆਓ । ਰਾਜਾ ਜੈ ਸਿੰਘ ਨੇ ਇਸ ਸ਼ਰਤ ਤੇ ਦਿੱਲੀ ਲਿਆਉਣਾ ਮੰਨ ਲਿਆ ਕਿ ਦਿੱਲੀ ਤਾਂ ਮੈਂ ਲੈ ਆਵਾਂਗਾ ਪਰ ਅੱਗੇ ਮੇਲ਼ ਮਿਲਾਪ ਦੀ ਮੇਰੀ ਜ਼ਿੰਮੇਵਾਰੀ ਨਹੀਂ ਹੋਵੇਗੀ । ਰਾਜਾ ਜੈ ਸਿੰਘ ਨੂੰ ਗੁਰੂ ਘਰ ਦਾ ਪਿਆਰ ਹੋਣ ਕਰਕੇ ਪਤਾ ਸੀ ਕਿ ਸ੍ਰੀ ਗੁਰੂ ਹਰਿ ਰਾਇ ਜੀ ਨੇ ਦੁਸ਼ਟਾਂ ਦੇ ਮੂੰਹ ਲੱਗਣਾ ਪਸੰਦ ਨਾ ਕਰਨ ਕਰਕੇ ਹੀ ਆਪਣੇ ਦਿੱਲੀ ਦਰਬਾਰ ਵਿਚ ਬੁਲਾਏ ਬਦਲੇ ਬਾਬਾ ਰਾਮ ਰਾਇ ਜੀ ਨੂੰ ਸਾਰੀਆਂ ਸ਼ਕਤੀਆਂ ਦੇ ਕੇ ਭੇਜਿਆ ਸੀ, ਜੋ ਉਥੇ ਹੀ ਬਾਦਸ਼ਾਹਾਂ ਦੇ ਵਸ ਪੈ ਕੇ ਗੁਰੂ ਘਰ ਦੀ ਮਰਯਾਦਾ ਦੇ ਉਲਟ ਰਿੱਧੀਆਂ ਸਿੱਧੀਆਂ ਵਿਖਾਉਣ ਲੱਗ ਪਿਆ ਸੀ ਤੇ ਇਕ ਪੰਕਤੀ 'ਮਿਟੀ ਮੁਸਲਮਾਨ ਕੀ' ਨੂੰ 'ਮਿਟੀ ਬੇਈਮਾਨ ਕੀ' ਕਹਿ ਕੇ ਬਦਲਿਆ । ਇਸ ਲਈ ਗੁਰੂ ਘਰ ਤੋਂ ਫਿਟਕਾਰਿਆ ਹੋਇਆ ਸੀ । ਇਹ ਸੋਝੀ ਰਖਦਾ ਹੋਇਆ ਕਿ ਸ੍ਰੀ ਹਰਿ ਕ੍ਰਿਸ਼ਨ ਜੀ ਵੀ ਇਨ੍ਹਾਂ ਨੂੰ ਨਹੀਂ ਮਿਲਣਗੇ । ਇਸ ਤਰ੍ਹਾਂ ਰਾਜਾ ਜੈ ਸਿੰਘ ਦਿੱਲੀ ਤੋਂ ਹੀ ਆਪਣੇ ਨਾਲ ਸਵਾਰੀ ਲੈ ਕੇ ਆਇਆ ਤੇ ਸਤਿਗੁਰੂ ਨੂੰ ਬੇਨਤੀ ਕੀਤੀ ਕਿ ਉਹ ਦਿੱਲੀ ਆ ਕੇ ਉਸ ਪਾਸ ਹੀ ਜਿਥੇ ਉਸਦੇ ਮਹਲ਼ ਸਨ, ਉਥੇ ਟਿਕਾਣਾਕਰਨ ਤੇ ਦਰਸ਼ਨ ਦੇਣ, ਹੋਰ ਉਨ੍ਹਾਂ ਤੇ ਕਿਸੇ ਕਿਸਮ ਦਾ ਦਬਾਓ ਨਹੀਂ ਪਾਇਆ ਜਾਏਗਾ ।

ਸਤਿਗੁਰੂ ਜੀ ਦਿੱਲੀ ਲਈ ਰਵਾਨਾ ਹੁੰਦੇ ਹਨ, ਰਸਤੇ ਵਿਚ ਅਨੇਕ ਸਿੱਖਾਂ ਨੂੰ

ਦਰਸ਼ਨ ਦੀਦਾਰੇ ਦਿੰਦੇ ਸ਼ਰਧਾ ਪੂਰਦੇ ਹੋਏ ਪੰਜੋਖਰੇ (ਅੰਬਾਲੇ) ਪੁੱਜਦੇ ਹਨ ਤੇ ਇਥੋਂ ਜੋ ਵਾਕਿਆ ਪੇਸ਼ ਆਇਆ ਭਾਈ ਸੰਤੋਖ ਸਿੰਘ ਜੀ ਇਸ ਨੂੰ ਇਸ ਤਰ੍ਹਾਂ ਲਿਖਦੇ ਹਨ ਕਿ :

'ਜਿਥੇ ਪੰਜੋਖਰੇ ਸਾਹਿਬ ਮਹਾਰਾਜ ਦਾ ਡੇਰਾ ਉਤਰਿਆ' ਇਤਨਾ ਅਮਲਾ ਫੈਲਾ ਦੇਖ ਕੇ (ਬਹੁਤ ਸੰਗਤ ਮਹਾਰਾਜ ਨਾਲ ਇਥੇ ਤੱਕ ਆਈ ਸੀ, ਜੋ ਮਹਾਰਾਜ ਨੇ ਇਥੇ ਰੋਕ ਕੇ ਵਾਪਸ ਭੇਜੀ ਤੇ ਕਿਹਾ ਹੁਣ ਅਗੇ ਅਸਾਡੇ ਨਾਲ ਕੋਈ ਨਾ ਆਓ)। ਇਕ ਪੰਡਿਤ ਜੋ ਵਿਦਿਆ ਦਾ ਬੜਾ ਅਭਿਮਾਨੀ ਸੀ ਪੁੱਛਦੈ :

**ਇਕ ਸਿੱਖ ਸੋਂ ਤਬਿ ਬੂਝਨਿ ਲਾਗਾ।**
**ਉਤਰਯੋ ਆਨਿ ਕੌਨ ਇਸ ਜਾਗਾ।**
**ਕਿਸ ਥਲ ਤੇ ਆਯੋ, ਕਿਤ ਜਾਤਿ ?**
**ਕੌਨ ਨਾਮ ਹੈ ਕਹੋਂ ਸਭਿ ਬਾਤ ?**

ਇੱਕ ਸਿੱਖ ਤੋਂ ਪੁਛਣ ਲੱਗਾ ਇਥੇ ਕਿਸ ਨੇ ਉਤਾਰਾ ਕੀਤਾ ਹੈ, ਕਿਥੋਂ ਆਏ ਨੇ ਕਿਧਰ ਜਾਣਾ ਹੈ, ਇਨ੍ਹਾਂ ਦਾ ਨਾਮ ਕੀ ਹੈ ਦੱਸੋ ? ਅਤੇ ਸਿੱਖ ਨੇ ਉਤਰ ਦਿੱਤਾ :

**ਕਹਯੋ ਸਿੱਖ ਨੇ ਸਤਿਗੁਰ ਅਹੈਂ**
**ਸ੍ਰੀ ਹਰਿਕ੍ਰਿਸ਼ਨ ਨਾਮ ਜਗ ਕਹੈਂ**

ਸਿਖ ਨੇ ਕਿਹਾ ਕਿ ਇਹ ਸਤਿਗੁਰੂ, ਗੁਰੂ ਨਾਨਕ ਗੁੱਰਗੱਦੀ ਦੇ ਮਾਲਕ ਹਨ ਤੇ ਇਨ੍ਹਾਂ ਦਾ ਨਾਮ ਸ੍ਰੀ ਹਰਿ ਕ੍ਰਿਸ਼ਨ ਜੀ ਹੈ। ਲਾਲ ਚੰਦ ਅਭਿਮਾਨੀ ਪੰਡਿਤ ਸੁਣ ਕੇ ਚੌਂਕ ਪਿਆ ਤੇ ਕਹਿੰਦੈ :

**ਕਹਿ ਦਿਜ 'ਤੇ ਸ੍ਰੀ ਕ੍ਰਿਸ਼ਨ ਮਹਾਨੋਂ**
**ਧਰ ਅਵਤਾਰੇ ਸਰਬ ਜਗ ਜਾਨੇ।**
**ਤਿਨ ਤੇ ਭੀ ਨਿਜ ਨਾਮ ਬਡੇਰਾ।**
**ਸ੍ਰੀ ਹਰਿਕ੍ਰਿਸ਼ਨ ਰਖਾਇ ਸਿਖੇਰਾ।**

ਆਖਦੈ : ਕਿ 'ਸ੍ਰੀ ਕ੍ਰਿਸ਼ਨ' ਮਹਾਨ ਅਵਤਾਰ ਹੋਏ ਹਨ। ਸਾਰੀ ਲੋਕਾਈ ਜਾਣਦੀ ਹੈ : ਬੱਲੇ ਬੱਲੇ ! ਉਸ ਤੋਂ ਵੀ ਵੱਧ ਇਹ ਛੋਟੇ ਜਿਹੇ ਗੁਰੂ 'ਸ੍ਰੀ ਹਰਿਕ੍ਰਿਸ਼ਨ' ਜੀ ਕਰਕੇ [illegible]ਉਂਦੇ ਹਨ ! ਭਲਾ ਦੇਖਾਂ ! ਇਨ੍ਹਾਂ ਵਿਚ ਕੀ ਸ਼ਕਤੀ ਹੈ; ਇਹ ਸੋਚ ਕੇ ਸਵਾਲ ਕਰਦਾ ਹੈ ਸਿੱਖ ਆਗੇ ਤੇ ਆਖਦੈ ਕਿ ਸ੍ਰੀ ਕਿਸ਼ਨ ਜਿਨ੍ਹਾਂ ਗੀਤਾ ਉਚਾਰੀ ਹੈ ਉਸ ਦੇ ਅਰਥ ਹੀ [illegible] ਪੜ੍ਹ ਕੇ ਹੀ ਸੁਣਾ ਦੇਣ ਤਾਂ ਗੁਰੂ ਕਾ ਸਿੱਖ ਆਖਦੇ :

'ਸੁਨਿ ਸਿੱਖ ਕਹਿ ਰਹ ਤੂੰ ਖਰੋ।
ਮੈਂ ਪਾਸਿ [illegible] ਕਰੋਂ
ਸਿਖ ਕਿਹਾ ਖੜ [illegible] ਕੇ ਆਉਂਦਾ ਹਾਂ
ਮੇਰਾ ਗੁਰੂ : ਗੁਰ ਸਮਰਥ ਹੈ ਸਭਿ ਹੀ ਭਾਂਤਿ।

ਦੇ ਉੱਤਰ ਜੋ ਬੂਝਹਿ ਬਾਤ ।

ਆਖਦੇ : ਮੇਰੇ ਗੁਰੂ ਸਰਬ ਕਲਾ ਸਮਰਥ ਹਨ ਤੇਰੀ ਗੱਲ ਉਹ ਬੁਝ ਕੇ ਉਤਰ ਦੇਣਗੇ । ਸਿੱਖ ਸਤਿਗੁਰੂ ਪਾਸ ਜਾ ਕੇ ਅਰਦਾਸ ਕਰਦੇ :

ਇਮ ਕਹਿ ਸਿਖ ਗਯੋ ਗੁਰ ਪਾਸ ।
ਸਿਰ ਨਿਵਾਇ ਕੀਨਸਿ ਅਰਦਾਸ ।
ਦਿਜ ਕੀ ਕਹਿਵਤ ਸਕਲ ਸੁਨਾਈ ।
ਖਰੈ ਅਹੈ, ਕਿਮ ਕਹੋਂ ਬੁਝਾਈ ।

ਸਿਖ ਸਤਿਗੁਰਾਂ ਪਾਸ ਆ ਕੇ ਨਮਸਕਾਰ ਕਰਕੇ ਪੁਛਦੇ :

ਮਹਾਰਾਜ ਦੱਸੋ ਉਸ ਨੂੰ ਕੀ ਕਹਾਂ ? ਗੁਰੂ ਜੀ ਆਖਦੇ ਨੇ : ਜੇ ਉਹ ਉਤਰ ਚਾਹੁੰਦਾ ਹੈ ਤਾ ਅਸਾਡੇ ਪਾਸ ਲੈ ਆਵੇ । ਅਸੀਂ ਆਪ ਉੱਤਰ ਦੇਵਾਂਗੇ

ਸਿਖ ; ਸੁਨ ਕਰ ਗਯੋ ਬਿੱਧ ਸੋ ਭਾਖਾ ।
ਗੁਰ ਢਿਗ ਚਲਹੁ ਬੂਝ ਅਭਿਲਾਖਾ ।

ਸਿਖ ਜਾਂਦਾ ਹੈ ਸਤਿਗੁਰੂ ਦੇ ਬਚਨ ਸੁਣ ਕੇ ਤੇ ਪੰਡਿਤ ਜੀ ਨੂੰ ਆਖਦੇ : ਚਲੋ ਗੁਰੂ ਜੀ ਪਾਸ ਤੇ ਜੋ ਜਾਨਣਾ ਹੈ ਜਾਣ ਲਵੋ ! ਪੰਡਿਤ ਆਉਂਦਾ ਆਉਂਦਾ ਮਨ ਵਿਚ ਬੜੇ ਪ੍ਰਸ਼ਨ ਉਠਾਉਂਦਾ ਹੈ ਕਿ ਆਹ ਪੁਛਾਂਗਾ ਔਹ ਪੁਛਾਂਗਾ ? ਜਾਣੀ ਜਾਣ ਬਾਲਕ ਗੁਰੂ ਪੰਡਿਤ ਨੂੰ ਆਇਆਂ ਅਦਬ ਨਾਲ ਬਿਠਾਉਂਦੇ ਨੇ । ਉਹ ਬੜੇ ਗੌਰਵ ਨਾਲ ਗੁਰੂ ਜੀ ਪਾਸ ਜਾ ਬੈਠਦਾ ਹੈ ਤੇ ਸਤਿਗੁਰੂ ਜੀ ਪੁਛਦੇ ਹਨ ਦਸੋ ਪੰਡਿਤ ਜੀ ਜੋ ਆਪ ਨੇ ਪੁਛਣਾ ਹੈ ? ਪੰਡਿਤ ਆਖਦੇ : ਕਿ ਕ੍ਰਿਸ਼ਨ ਅਵਤਾਰ ਹੋਏ ਹਨ, ਉਨ੍ਹਾਂ ਦਾ ਰਿਦਾ ਗਿਆਨ ਭਰਪੂਰ ਹੋਣ ਕਰਕੇ ਉਨ੍ਹਾਂ ਨੇ ਗੀਤਾ ਦਾ ਬ੍ਰਹਮ ਗਿਆਨ ਉਚਾਰਿਆ ਹੈ; ਤੁਸੀਂ ਤਾ ਉਨ੍ਹਾਂ ਤੋਂ ਵੱਧ ਨਾਮ ਸ੍ਰੀ ਹਰਿ ਕ੍ਰਿਸ਼ਨ ਰਖਵਾਇਆ ਹੈ ਅਤੇ ਗੁਰਗੱਦੀ ਤੇ ਬਿਰਾਜਮਾਨ ਹੋ ਤਾਂ ਤੇ,

ਗੀਤਾ ਬਿਖੇ ਪ੍ਰਸ਼ਨ ਬਡ ਮੇਰੇ
ਉਤਰ ਦਿਹੁ, ਤੁਮ ਸੁਨੇ ਬਡੇਰੇ ।

ਤੁਸੀਂ ਵਡੇ ਸੁਣੀਂਦੇ ਹੋ ਤਾਂ ਉਤਰ ਦਿਓ ਮੇਰੇ ਪ੍ਰਸ਼ਨਾਂ ਦੇ ! ਸਤਿਗੁਰੂ ਸੋਚਦੇ ਨੇ, ਜੇ ਅਸੀਂ ਆਪ ਉਤਰ ਦਿੱਤੇ ਤਾਂ ਇਹ ਕਈ ਕਿਸਮ ਦੀਆਂ ਕਲਪਨਾ ਉਠਾਏਗਾ ਤਾਂ ਤੇ ਸਤਿਗੁਰੂ ਇਸ ਨੂੰ ਆਖਦੇ ਨੇ : ਪੰਡਿਤ ਜੀ ਜਾਓ ਤੇ ਕੋਈ ਐਸਾ ਪੁਰਸ਼ ਲਿਆਓ :

ਜੋ ਅਪਠਤਿ ਹੁਇ ਮੂਢ ਬਿਸਾਲਾ
ਤਿਹ ਬੁਲਾਇ ਆਨਹੁ ਇਸ ਕਾਲਾ ।
ਸੋ ਉਤਰ ਦੈ ਹੈ ਤੁਝ ਚਾਹਤਿ ।
ਜਿਨ ਬੂਝਨਿ ਹਿਤ ਨੀਤ ਉਮਾਹਿਤਿ ।

ਜੋ ਅਨਪੜ੍ਹ ਤੇ ਮੂਰਖ ਹੋਵੇ: ਉਸ ਨੂੰ ਲੈ ਆਵੋ ਹੁਣੇ ਹੀ, ਉਹੀ ਆਪਦੇ ਉਤਰ ਦੇ ਦੇਵੇਗਾ ਜਿਸ ਲਈ ਆਪ ਚਾਹਵਾਨ ਹੋ । ਇਹ ਸੁਣਦੇ ਹੀ ਪੰਡਿਤ ਕੁਝ ਢਿੱਲਾ ਪੈ ਗਿਆ । ਇਸ ਨੂੰ ਪਤਾ ਸੀ ਛੱਜੂ ਨਾਂ ਦਾ ਝੀਵਰ ਬੋਲ ਵੀ ਨਹੀਂ ਸਕਦਾ ਉਸ ਪਾਸ ਗਿਆ ਤੇ

ਉਸ ਨੂੰ ਆਖਦੇ ਕਿ ਚਲ ਤੂ ਕੁਝ ਘੰਟਿਆਂ ਲਈ ਮੇਰਾ ਇਕ ਕੰਮ ਹੈ ਉਹ ਕਰ ਦੇਹ, ਤੇ ਫਿਰ ਆ ਕੇ ਆਪਣਾ ਕੰਮ ਕਰੀਂ। ਬਿਚਾਰਾ ਗਰੀਬ ਤੁਰ ਪੈਂਦੇ ਪੰਡਤ ਜੀ ਨਾਲ। ਇਹ ਆ ਪੁੱਜਦਾ ਹੈ ਜਿਥੇ ਸਤਿਗੁਰੂ ਬਿਰਾਜਮਾਨ ਸਨ :—

ਤਿਹ ਬਿਠਾਇ ਬੈਸਯੋ ਕਰਿ ਚਾਓ ।
ਬਿਸਮਤ ਚਾਹਤਿ ਪਿਖਨਿ ਪ੍ਰਭਾਊ ।
ਚਿਤਵਤਿ ਪ੍ਰਸ਼ਨ ਰਿਦੇ ਬਡ ਗਾਢੇ ।
ਇਹ ਝੀਵਰ ਸੀ ਬੁਧਿ ਕਿਸ ਬਾਢੇ ।

ਝੀਵਰ ਨੂੰ ਉਥੇ ਬਿਠਾਕੇ ਆਪ ਦੇਖਣਾ ਚਾਹੁੰਦਾ ਹੈ ਸਤਿਗੁਰੂ ਇਹ ਕਿਸ ਤਰ੍ਹਾਂ ਨਿਬੇੜਦੇ ਹਨ – ਮਨ ਵਿਚ ਬੜੇ ਪ੍ਰਸ਼ਨ ਲਾਈ ਬੈਠਾ ਹੈ ਤੇ ਹੈਰਾਨ ਹੈ ਕਿ ਇਸ ਝੀਵਰ ਦੀ ਬੁੱਧੀ ਕਿਸ ਤਰ੍ਹਾਂ ਉਤਰ ਦੇਵੇਗੀ ?

ਇਸਦੀ ਮਨੋ ਅਵਸਥਾ ਨੂੰ :—

ਸ੍ਰੀ ਹਰਿ ਕ੍ਰਿਸ਼ਨ ਜਾਨਿ ਮਨ ਕੇਰੀ ।
ਕ੍ਰਿਪਾ ਦ੍ਰਿਸ਼ਟਿ ਝੀਵਰ ਦਿਸ ਹੇਰੀ ।

ਸਤਿਗੁਰੂ ਜੀ ਝੀਵਰ ਤੇ ਕਿਰਪਾ ਦ੍ਰਿਸ਼ਟੀ ਦੀ ਨਜ਼ਰ ਪਾਉਂਦੇ ਹਨ ਅਤੇ ਦ੍ਰਿਸ਼ਟੀ ਪੈਂਦਿਆਂ ਹੀ ਉਹ ਬ੍ਰਹਮ ਗਿਆਨੀ ਹੋ ਜਾਂਦਾ ਹੈ ਅਤੇ ਪੰਡਿਤ ਨੂੰ ਆਖਦੈ :- ਹੇ ਪੰਡਿਤ ਜੀ ਪੁੱਛ ਲਵੋ ਕੀ ਪੁੱਛਣਾ ਹੈ ? ਪੰਡਿਤ ਜੀ ਨੇ ਗੀਤਾ ਵਿਚੋਂ ਕੁਝ ਸਲੋਕ ਪੜ੍ਹੇ ਅਤੇ ਅਰਥ ਕਰਨ ਲਈ ਕਿਹਾ। ਛੱਜੂ ਨੇ ਸਭਾ ਵਿਚ ਉਸਦੇ ਅਰਥ ਕਰਕੇ ਪੜ੍ਹੇ ਤੇ ਲਾਲ ਚੰਦ ਦੀ ਨਿਸ਼ਾ ਕਰਾਦਿੱਤੀ। ਪੰਡਿਤ ਲਾਲ ਚੰਦ :

ਹਾਥ ਜੋਰਿ ਕਰਿ ਪਰਬੇ ਆਗਾਰੀ। (ਹੱਥ ਜੋੜ ਚਰਨੀਂ ਢੱਠਾ)
ਕਰੀ ਡੰਡੌਤ ਪ੍ਰੇਮ ਕਰਿ ਭਾਰੀ। (ਪਰੇਮ ਨਾਲ ਡੰਡੌਤ ਕੀਤੀ)

ਤੇ ਆਖਣ ਲੱਗਾ : ਸ੍ਰੀ ਹਰਿਕ੍ਰਿਸ਼ਨ ਸੁ ਕ੍ਰਿਸ਼ਨ ਸਰੂਪ ।
ਬੋਲਬੋ 'ਮਹਿਮਾ ਲਖੀ ਅਨੂਪ' ।

ਹੱਥ ਜੋੜ ਕੇ ਸਤਿਗੁਰਾਂ ਦੀ ਚਰਨੀਂ ਪੈ ਗਿਆ ਤੇ ਆਖਿਆ, "ਕਿ ਆਪ ਧੰਨ ਹੋ, ਸ੍ਰੀ ਕ੍ਰਿਸ਼ਨ ਸਰੂਪ ਹੀ ਹੋ ।"

ਸਹਾਇਤਾ ਭੇਜਣ ਲਈ ਡਰਾਫਟ ਜਾਂ ਚੈੱਕ, ਮੋਹਾਲੀ ਜਾਂ ਚੰਡੀਗੜ੍ਹ ਦੇ ਹੀ ਹੋਣ। ਬਾਹਰਲੇ ਚੈੱਕ ਕੈਸ਼ ਕਰਵਾਉਣ ਲਈ ਖਰਚਾ ਕਾਫੀ ਹੋ ਜਾਂਦਾ ਹੈ, ਜਾਂ ਮਨੀਆਰਡਰ ਰਾਹੀਂ ਸਹਾਇਤਾ ਭੇਜੀ ਜਾਵੇ।

**ਅੰਮ੍ਰਿਤ ਕੀਰਤਨ :** ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ 'ਮਾਸਿਕ ਰਸਾਲਾ'। ਨਮੂਨੇ ਦੀ ਕਾਪੀ ਲਈ ਲਿਖੋ 'ਅੰਮ੍ਰਿਤ ਕੀਰਤਨ ਟਰਸਟ', 422, ਸੈਕਟਰ 15-ੲੇ ਚੰਡੀਗੜ੍ਹ।

# ਮਨ ਦੀ ਇਕਾਗਰਤਾ

—ਸਰਦਾਰਾ ਸਿੰਘ

ਗੁਰਬਾਣੀ ਦਾ ਹੁਕਮ ਹੈ :—

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਇਕਾਗਰ ਚੀਤ ॥ (ਸੁਖਮਨੀ)

ਨਾਮ ਅਭਿਆਸ, ਵਾਹਿਗੁਰੂ ਜੀ ਦੀ ਬੰਦਗੀ ਲਈ ਮਨ ਦੀ ਇਕਾਗਰਤਾ ਅਤੀ ਲਾਜ਼ਮੀ ਹੈ। ਆਤਮਾ ਨੂੰ ਪ੍ਰਮਾਤਮਾ 'ਚ ਅਭੇਦ ਕਰਨ ਲਈ ਇਕਾਗਰਤਾ ਮੁੱਖ ਅੰਗ ਹੈ। ਸੁਰਤ ਨੂੰ ਸ਼ਬਦ ਵਿਚ ਇਕਾਗਰ ਕਰਕੇ ਮਨੁੱਖ ਆਪਣੇ ਅਸਲੇ;

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ" ।

ਦੀ ਪਛਾਣ ਕਰ ਲੈਂਦਾ ਹੈ। ਇਕਾਗਰ ਮਨ ਹੀ ਨਾਮ ਅਭਿਆਸ ਕਰ ਸਕਦਾ ਹੈ। ਅਭਿਆਸ ਤੋਂ ਭਾਵ ਨਾਮ ਜਪਣਾ ਹੈ। ਬੰਦਗੀ ਤੋਂ ਭਾਵ ਹੈ ਅਭਿਆਸ ! ਗੁਰੂ ਦੇ ਸ਼ਬਦ ਨੂੰ ਲੈ ਕੇ ਉਸ ਦਾ ਪ੍ਰੇਮ ਸਹਿਤ ਬਾਰ ਬਾਰ ਦੁਹਰਾ ਕਰਨਾ। ਸੁਰਤ ਦੇ ਅੰਦਰ ਸ਼ਬਦ ਦਾ ਵਾਸ ਹੋ ਜਾਣਾ ਅਤੇ ਮਨ ਦੇ ਫੁਰਨੇ ਖਤਮ ਹੋ ਜਾਣੇ ਮਨ ਦੀ ਇਕਾਗਰਤਾ ਅਖਵਾਉਂਦੀ ਹੈ। ਮਨ ਦੀ ਇਕਾਗਰਤਾ ਨਾਲ ਹੀ ਫੇਰ ਸ਼ਬਦ ਦਾ ਜਾਪ ਜਦੋਂ ਸੁਰਤ ਵਿਚ ਹੋਣਾ ਸ਼ੁਰੂ ਹੁੰਦਾ ਹੈ ਤਾਂ ਅਨੰਦ ਆਉਂਦਾ ਹੈ। ਸ਼ਾਂਤੀ ਮਿਲਦੀ ਹੈ ਅਤੇ ਅਭਿਆਸ ਰੂਪੀ ਬੂਟੇ ਨੂੰ ਫਲ ਲਗਣੇ ਸ਼ੁਰੂ ਹੋ ਜਾਂਦੇ ਹਨ।

ਆਮ ਸ਼ਕਾਇਤ ਪਾਈ ਜਾਂਦੀ ਹੈ ਕਿ ਮਨ ਨਹੀਂ ਟਿਕਦਾ ਜੀ ! ਮਨ ਨਹੀਂ ਲੱਗਦਾ। ਦਿਲ ਤਾਂ ਚਾਹੁੰਦਾ ਹੈ ਕਿ ਸਿਮਰਨ ਕਰੀਏ ਪਰ ਮਨ ਦੇ ਫੁਰਨੇ ਹੀ ਖਤਮ ਨਹੀਂ ਹੁੰਦੇ। ਗੁਰਬਾਣੀ ਦਾ ਪਾਠ ਕਰਦੇ ਹਾਂ ਸੁਰਤੀ ਬੱਝਤੀ ਨਹੀਂ ਤੇ ਮਨ ਕਿਤੇ ਹੋਰ ਭਟਕਦਾ ਫਿਰਦਾ ਰਹਿੰਦਾ ਹੈ। ਹਾਂ ਇਹ ਸੱਚੀ ਗੱਲ ਹੈ। ਮਨ ਦੇ ਟਿਕਾਉ ਲਈ ਵੀ ਖਾਸ ਉਪਰਾਲਿਆਂ ਦੀ ਲੋੜ ਪੈਂਦੀ ਹੈ ਜੋ ਆਮ ਕਰਕੇ ਅਸੀਂ ਨਹੀਂ ਕਰਦੇ।

ਸਭ ਤੋਂ ਪਹਿਲੇ ਜ਼ਬਾਨ ਰਾਹੀਂ ਬੋਲ ਕੇ ਗੁਰੂ ਸ਼ਬਦ ਦਾ ਉਚਾਰਨ ਕਰਨਾ ਲਾਭਵੰਦ ਹੁੰਦਾ ਹੈ। ਵਾਹਿਗੁਰੂ ਸ਼ਬਦ ਦੇ ਵਿਚ ਮਨ ਨੂੰ ਜੋੜ ਲੈਣਾ ਚਾਹੀਦਾ ਹੈ। ਆਪਣੀ ਜ਼ਬਾਨ ਰਾਹੀਂ ਬੋਲਿਆਂ ਵਾਹਿਗੁਰੂ ਸ਼ਬਦ ਆਪਣੇ ਕੰਨਾਂ ਰਾਹੀਂ ਸੁਣਨਾ ਚਾਹੀਦਾ ਹੈ। ਸੁਣਨ 'ਚ ਸੁਰਤ ਨੂੰ ਟਿਕਾਉਣ ਨਾਲ ਮਨ ਕਿਧਰੇ ਨਹੀਂ ਦੌੜੇਗਾ।

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ
ਲਖੁ ਲਖੁ ਗੇੜਾ ਆਖੀਅਹਿ, ਏਕੁ ਨਾਮੁ ਜਗਦੀਸ।
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।

ਜੇਕਰ ਸਾਡੀਆਂ ਇਕ ਜੀਭ ਤੋਂ ਲਖ ਜੀਭਾਂ ਬਣ ਜਾਣ ਤੇ ਫੇਰ ਇਕ ਜੀਭ ਨੂੰ ਲੱਖ ਲੱਖ ਜੀਭਾਂ ਹੋਰ ਭੀ ਉਨ੍ਹਾਂ ਇੱਕਲੀ ਇੱਕਲੀ ਜੀਭ ਤੋਂ ਫੇਰ ਲੱਖ ਲੱਖ ਵਾਰੀ ਵਾਹਿਗੁਰੂ ਦਾ ਨਾਮ ਜਪੀਏ। ਹੁਣ ਹਿਸਾਬ ਲਾ ਲਵੋ ਕਿ ਸਾਡੀ 108 ਮਣਕਿਆਂ ਵਾਲੀ ਮਾਲਾ ਇਕ ਦੋ ਵਾਰ ਜਾਂ 10-20 ਵਾਰ ਫੇਰੀ ਹੋਈ ਕੀ ਉਪਰੋਕਤ ਫ਼ਰਮਾਨ ਤਕ ਪਹੁੰਚ ਸਕਦੀ ਹੈ? ਨਹੀਂ ! ਗਿਣਤੀ ਵਿਚ ਨਹੀਂ ਪੈਣਾ। ਉਹ ਅਣਗਿਣਤ ਹੈ, ਬੇਅੰਤ ਹੈ, ਅਗੰਮ ਹੈ; ਅਗਾਧ ਹੈ। ਇਸ ਲਈ ਜਪੀ ਜਾਣਾ ਹੈ, ਜਪੀ ਜਾਣਾ ਹੈ। ਅਭਿਆਸ ਪਕਾਉਣ ਲਈ ਮਨ ਦੀ

ਬ੍ਰਿਤੀ ਮਾਲਾ ਦੇ ਮਣਕੇ ਦੀ ਟਿੱਕ ਟਿੱਕ ਨਾਲ ਟਿਕਾਊਣ ਲਈ ਸ਼ੁਰੂ ਸ਼ੁਰੂ ਵਿਚ ਮਾਲਾ ਵਰਤੀ ਜਾ ਸਕਦੀ ਹੈ ਪਰ ਗਿਣਤੀ ਲਈ, ਤੇ ਸਦਾ ਲਈ ਨਹੀਂ ।

ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥
ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥

ਟਿਕਾਉ ਲਈ ਕੋਈ ਨੁਕਤਾ (Point, Centre) ਆਪਣੇ ਸਰੀਰ ਦੇ ਕਿਸੇ ਅੰਗ ਤੇ ਬਾਹਰਵਾਰ ਜਾਂ ਅੰਦਰਵਾਰ ਬੰਨ੍ਹਿਆ (fix) ਜਾ ਸਕਦਾ ਹੈ। ਇਕਾਗਰਤਾ ਲਈ ਨੁਕਤੇ ਦਾ ਬਨ੍ਹਣਾ ਬਹੁਤ ਹੀ ਲਾਭਦਾਇਕ ਹੁੰਦਾ ਹੈ। ਮਨ ਨੂੰ ਉਸ ਨੁਕਤੇ ਤੇ ਕੁਝ ਸਮੇਂ ਲਈ ਟਿਕਾਵੋ ਅਤੇ ਸੁਰਤ ਦੇ ਨਾਲ ਸ਼ਬਦ ਦਾ ਰਟਨ ਕਰੋ। ਜਦੋਂ ਇਹ ਅਭਿਆਸ ਤੁਸੀਂ ਥੋੜਾ ਥੋੜਾ ਸਮਾਂ ਹਰ ਰੋਜ਼ ਕਰੋਗੇ ਤਾਂ ਬ੍ਰਿਤੀ ਟਿਕਣੀ ਸ਼ੁਰੂ ਹੋ ਜਾਵੇਗੀ। ਬੇਸ਼ਕ ਸ਼ੁਰੂ ਸ਼ੁਰੂ 'ਚ ਮਨ ਦਾ ਟਿਕਾਓ ਕੁਝ ਸੈਕੰਡਾਂ ਲਈ ਹੀ ਹੋਵੇ। ਅਭਿਆਸ ਵਿਚ ਬੈਠਣਾ ਤਾਂ ਕਾਫੀ ਦੇਰ ਪਵੇਗਾ ਪਰ ਸ਼ਾਇਦ ਬ੍ਰਿਤੀ ਕੇਵਲ ਐਨਾ ਕੁ ਸਮਾਂ ਹੀ ਟਿਕੇ। ਇਕ-ਦੋ ਮਿੰਟ ਦਾ ਟਿਕਾਉ ਹੋਣਾ ਸ਼ੁਰੂ ਹੋ ਗਿਆ ਸਮਝੋ ਅਭਿਆਸ ਦੇ ਵਿਚ ਤਰੱਕੀ ਹੋਣੀ ਸ਼ੁਰੂ ਹੋ ਗਈ ਤੇ ਫੇਰ ਯਤਨ ਜਾਰੀ ਰੱਖੋ। ਥੋੜੇ ਜਿਹਾ ਅਭਿਆਸ ਕਰਕੇ ਅਤੇ ਮਨ ਦਾ ਟਿਕਾਉ ਨਾ ਵੇਖ ਕੇ ਘਬਰਾ ਨਹੀਂ ਜਾਣਾ ਚਾਹੀਦਾ, ਮਹਾਰਾਜ ਤਾਂ "ਇਕ ਦੂ ਜੀਭੌ" ਵਾਲੇ ਫੁਰਮਾਨ ਵਿਚ ਵੇਖੋ ਕਿੰਨੀ ਘਾਲ-ਕਮਾਈ ਦੀ ਲੋੜ ਦੱਸਦੇ ਹਨ।

ਇਕਾਗਰਤਾ ਲਈ ਮੁੱਖ ਚੀਜ਼ ਹੈ, ਤੁਹਾਡੇ ਮਨ ਦੀ ਸਫਾਈ ਮਨ ਦੀ ਪਵਿੱਤ੍ਰਤਾ ਅਤੇ ਮਨ ਦੇ ਅੰਦਰ ਵਾਹਿਗੁਰੂ ਜੀ ਦੇ ਦਰਸ਼ਨਾਂ ਦੀ 'ਸਿੱਕ-ਲਾਲਸਾ। ਸਭ ਤੋਂ ਪਹਿਲੇ ਮਨ ਨੂੰ ਸੋਧਣ ਲਈ ਆਪਣੇ ਅੰਦਰ ਸਦਾਚਾਰ ਦਾ ਵਾਸਾ ਕਰਨਾ ਪੈਂਦਾ ਹੈ।

ਆਪਣੇ ਮਨ ਨੂੰ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਦੀ ਮੈਲ਼ ਤੋਂ ਦੂਰ ਰੱਖਣਾ ਪੈਂਦਾ ਹੈ। ਗੁਜ਼ਾਰੇ ਮਾਤਰ ਇਨ੍ਹਾਂ ਅੰਸ਼ਾ ਨੂੰ ਅਸੀਂ ਵਰਤਣਾ ਹੈ, ਕਿਉਂ ਜੁ ਆਪਾਂ ਗ੍ਰਹਸਥੀ ਜੁ ਹੋਏ। ਇਨ੍ਹਾਂ ਦੇ ਵੱਸ 'ਚ ਤੁਸੀਂ ਨਾ ਹੋਵੋ ਬਲਕਿ ਇਹ ਪੰਜੇ ਤੱਤ ਤੁਹਾਡੇ ਵੱਸ ਵਿਚ ਹੋਣ। ਜਿੰਨੀ ਕੁ ਲੋੜ ਹੋਵੇ ਉੱਨਾ ਕੁ ਇਨ੍ਹਾਂ ਨੂੰ ਵਰਤ ਲਿਆ ਪਰ ਖੁਲ੍ਹ ਨਾ ਦਿੱਤੀ ਜਾਵੇ। ਜੇਕਰ ਇਨ੍ਹਾਂ ਪੰਜਾਂ 'ਚ ਬਹੁਤਾ ਖੱਚਤ ਹੋ ਜਾਵਾਂਗੇ ਤਾਂ ਫੇਰ ਨਾਮ 'ਚ ਮਨ ਦਾ ਜੁੜਨਾ ਔਖਾ ਹੀ ਨਹੀਂ ਅਸੰਭਵ ਹੋਵੇਗਾ।

ਕਾਮ ਵਲ ਜ਼ਿਆਦਾ ਸੁਰਤੀ ਹੋਵੇਗੀ ਤਾਂ ਨਾਮ ਅਭਿਆਸ ਵੇਲੇ ਵੀ ਤੁਹਾਡੇ ਮਨ ਅੰਦਰ ਕਾਮ ਦੇ ਸੀਨ (ਰ੍ਹੀਲ) ਹੀ ਚਲਦੀ ਰਹੇਗੀ। ਜ਼ਬਾਨ ਤੋਂ ਭਾਵੇਂ ਸ਼ਬਦ ਦਾ ਉਚਾਰਨ ਹੁੰਦਾ ਰਹੇਗਾ ਪਰ ਮਨ ਦੀ ਬ੍ਰਿਤੀ ਇੰਦਰੀਆਂ ਦੇ ਰਸ 'ਚ ਫਿਰਦੀ ਹੋਵੇਗੀ। ਕਰੋਧੀ ਮਨ ਅਭਿਆਸ ਵਿਚ ਬੜਾ ਘੱਟ ਲੱਗੇਗਾ। ਬਾਹਰੀ ਕਰੋਧ ਤਾਂ ਹੋਵੇਗਾ ਹੀ ਪਰ ਬੰਦਗੀ ਵਿਚ ਛੋਟੀ ਛੋਟੀ ਕੋਈ ਉੱਨਤੀ ਜਾਂ ਸਫਲਤਾ ਨਾ ਵੇਖ ਕੇ ਵੀ ਕਰੋਧੀ ਕਰੋਧ ਹੀ ਕਰੇਗਾ। ਕਰੋਧ ਆਉਂਦਾ ਉਦੋਂ ਹੈ ਜਦੋਂ ਤੁਹਾਡੀ ਕੋਈ ਇੱਛਾ ਪੂਰੀ ਨਾ ਹੋਵੇ।

ਕਾਮ ਕ੍ਰੋਧ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥

ਇਥੇ ਸਬਰ ਦੀ, ਸੰਤੋਖ ਦੀ ਅਤੇ ਸਤਿਗੁਰੂ ਤੇ ਵਿਸ਼ਵਾਸ ਦੀ ਲੋੜ ਹੈ।

ਹਉਮੈ ਤੋਂ ਪੱਲਾ ਛੁਡਾਉਣਾ ਅਤੀ ਕਠਿਨ ਹੈ। ਚਾਰ ਪੈਸੇ ਆ ਗਏ, ਜਾਂ ਧੀਆਂ

ਪੁੱਤ੍ਰ ਚੰਗੇ ਅਹੁਦਿਆਂ ਤੇ ਲੱਗ ਗਏ, ਤਾਂ ਹੰਕਾਰੀ ਹੋ ਗਿਆ। ਹਉਮੈ ਭਰਿਆ ਮਨ ਸਿਮਰਨ 'ਚ ਕਦੇ ਵੀ ਟਿਕ ਨਹੀਂ ਸਕਦਾ। ਅਸਲੀਅਤ ਵਿਚ ਬੰਦਗੀ ਦਾ ਭਾਵ 'ਹਉ' ਨੂੰ ਹੀ ਮਿਟਾਣਾ ਹੈ। 'ਹਉ' ਦਾ ਰੂਪ ਇਕੋ ਹੀ ਬਾਹਰੀ ਰੂਪ ਮਾਇਆ ਵਾਲੀ ਹਉਮੈ ਹੀ ਨਹੀਂ 'ਹਉ' ਦਾ ਭਾਵ ਮੈਂ ਛੱਡ ਕੇ ਤੂੰ ਹੋ ਜਾਣਾ ਹੈ ਜਾਂ ਫੇਰ ਸੁਰਤੀ ਦਾ ਸਾਰੇ ਪਾਸੇ ਵਾਹਿਗੁਰੂ ਨੂੰ ਵੇਖਣਾ ਹੈ। 'ਹਉ' ਭਾਵੇਂ ਕਿਣਕਾ ਮਾਤ੍ਰ ਹੀ ਹੋਵੇ ਸੁਰਤ ਵਿਚ ਵਾਹਿਗੁਰੂ ਦਾ ਸਿਮਰਨ ਨਹੀਂ ਹੋਣ ਦੇਵੇਗੀ। ਗੁਰੂ ਸਹਿਬਾਨ ਨੇ ਤਾਂ ਇਸ ਨੂੰ ਦੀਰਘ ਰੋਗ ਆਖਿਆ ਹੈ। ਦੀਰਘ ਤੋਂ ਭਾਵ ਹੈ ਬਹੁਤ ਪੁਰਾਣਾ ਰੋਗ (Cronic disease)

**ਹਉਮੈ ਦੀਰਘ ਰੋਗੁ ਹੈ।**

ਸੋ ਰੋਜ਼ਾਨਾ ਦੇ ਜੀਵਨ ਵਿਚ 'ਹਉ' ਨੂੰ ਛੱਡਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਖਸ਼ਿਸ਼ਾਂ ਜੋ ਵੀ ਹਨ ਉਹ ਵਹਿਗੁਰੂ ਜੀ ਦੀਆਂ ਹੀ ਸਮਝਣੀਆਂ ਚਾਹੀਦੀਆਂ ਹਨ ਅਤੇ;

**ਕਬੀਰ ਤੂੰ ਤੂੰ ਕਰਤਾ ਤੂੰ ਹੂਆ ਮੁਝ ਮਹਿ ਰਹਾ ਨਾ ਹੂੰ।**

ਦੀ ਪੌੜੀ ਤਕ ਅਪੜਨ ਦਾ ਟੀਚਾ ਸਾਹਮਣੇ ਰੱਖ ਕੇ ਮਨ ਨੂੰ ਸਮਝਾਉਣਾ ਚਾਹੀਦਾ ਹੈ ਕਿ ਭਾਈ! ਤੂੰ ਕਿਧਰ ਫਿਰਦਾ ਹੈਂ! ਕਾਹਦੀ ਹਉਮੈ ਕਰਦਾ ਹੈਂ? ਇਹ ਸਭ ਕੁਝ ਤਾਂ ਵਾਹਿਗੁਰੂ ਦਾ ਹੀ ਪਸਾਰਾ ਹੈ। ਉਸ ਦੀ ਹੀ ਬਖਸ਼ਿਸ਼ ਹੈ।

ਲੋਭ ਅਤੇ ਮੋਹ ਵਿਚ ਗਲਤਾਨ ਹੋਏ ਮਨੁੱਖ ਦਾ ਵੀ ਮਨ ਬੰਦਗੀ ਵਿਚ ਘੱਟ ਹੀ ਲੱਗੇਗਾ। ਮਾਇਆਵਾਦੀ ਪਦਾਰਥ ਨਾਲ ਬਹੁਤ ਪਿਆਰ, ਬਹੁਤੀ ਜਾਇਦਾਦ ਬਨਾਉਣ ਦੀ ਲਾਲਸਾ ਅਤੇ ਧੀਆਂ ਪੁੱਤਰਾਂ ਦਾ ਮੋਹ ਜੰਜਾਲ, ਇਕਾਗਰਤਾ ਨਹੀਂ ਆਉਣ ਦੇਵੇਗਾ। ਜ਼ਰੂਰਤ ਹੈ ਇਨ੍ਹਾਂ ਪੰਜਾਂ ਤੱਤਾਂ ਦੇ ਤਿਆਗ ਦੀ। ਇਨ੍ਹਾਂ ਨੂੰ ਕਾਬੂ ਕਰਨ ਦੀ। ਇਨ੍ਹਾਂ ਦੀ ਆਪਣੇ ਅੰਦਰੋਂ ਸਫਾਈ ਕਰਨੀ ਹੀ ਸਦਾਚਾਰ ਹੈ ਅਤੇ ਮਾਨਸਿਕ ਸਫਾਈ ਤੋਂ ਬਾਅਦ ਹੀ ਆਤਮਕ ਅਨੁਭਵ ਵਿਚ ਪ੍ਰਵੇਸ਼ ਕਰ ਸਕਦੇ ਹਾਂ।

**ਅੰਜਨ ਮਾਹਿ ਨਿਰੰਜਨਿ ਰਹੀਐ,**
**ਜੋਗ ਜੁਗਤਿ ਇਵ ਪਾਈਐ॥** (ਪੰਨਾ ੭੩੦)

ਐਸਾ ਹੁਕਮ ਹੈ ਕਿ ਇਸ ਸੰਸਾਰ ਵਿਚ ਰਹਿੰਦੇ ਹੋਏ ਵੀ ਸਾਰੇ ਕੰਮ ਕਾਜ ਕਰਦੇ ਹੋਏ ਵੀ, ਲਿਬੜੀਏ ਨਾ, ਲੁਪਤ ਨ ਹੋਈਏ, ਬਲਕਿ ਅਪਣੀ ਸੁਰਤ ਨੂੰ ਇਨ੍ਹਾਂ ਪੰਜਾਂ ਚੋਰਾਂ ਤੋਂ ਉੱਪਰ ਰਖੀਏ। ਤਾਂ ਹੀ ਸ਼ਬਦ ਦੇ ਅਭਿਆਸ ਨਾਲ ਆਤਮਾ ਨੂੰ ਪ੍ਰਮਾਤਮਾ ਵਿਚ ਅਭੇਦ ਕਰ ਸਕਦੇ ਹਨ ਜੋ ਕਿ ਮਨੁੱਖ ਦੇ ਜੀਵਨ ਦਾ ਮੰਤਵ ਹੈ।

ਜਦੋਂ ਕਿਸੇ ਨੁਕਤੇ ਤੇ ਮਨ ਨੂੰ ਟਿਕਾ ਕੇ ਸੁਰਤ ਰਾਹੀਂ ਸ਼ਬਦ ਦਾ ਅਭਿਆਸ ਕਰੀਏ ਤਾਂ ਆਪਣੇ ਸੁਆਸਾਂ ਨੂੰ ਵੀ ਉਸ ਨਾਲ ਮੇਲੀਏ. ਇਸ ਤਰ੍ਹਾਂ ਮਨ ਦਾ ਟਿਕਾਉ ਬਹੁਤ ਹੀ ਸੌਖਾ ਹੁੰਦਾ ਹੈ. ਇਹ ਕੋਈ ਮੈਂ ਜੋਗ ਮਤਿ ਦੀ ਗੱਲ ਨਹੀਂ ਕਰ ਰਿਹਾ ਹਾਂ। ਸੁਆਸ ਤਾਂ ਆਉਣੇ ਹੀ ਆਉਂਣੇ ਹਨ। ਸਹਿਜ ਸੁਭਾ ਸੁਆਸਾਂ ਦਾ ਗੇੜ ਚਲਦਾ ਰਹਿੰਦਾ ਹੈ। ਉਨ੍ਹਾਂ ਦਾ ਕੇਵਲ ਸੁਰਤ ਵਿਚ ਸ਼ਬਦ ਦੇ ਨਾਲ ਮੇਲ ਕਰਨਾ ਹੈ। ਅਤੇ ਆਤਮ-ਰਸ ਦੀ ਪ੍ਰਾਪਤੀ ਹੋਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਆਤਮ-ਰਸ ਦੀ ਪ੍ਰਾਪਤੀ ਹੋਣੀ ਸ਼ੁਰੂ ਹੋ ਜਾਵੇ ਤਾਂ ਫੇਰ :

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਮਨ ਪੀਵੈ ਸੁਨਿ ਸਬਦੁ ਬੀਚਾਰਾ ॥
**ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥** (ਪੰਨਾ ੧੦੨

ਬੰਦਗੀ ਵਿਚੋਂ ਫੇਰ ਅੰਮ੍ਰਿਤ ਰਸ, ਅੰਮ੍ਰਿਤ ਦੀ ਫੁਹਾਰ ਫੁੱਟਦੀ ਹੈ। ਕਿਣ-ਮਿਣ ਕਿਣ-ਮਿ ਹੁੰਦੀ ਹੈ ਫੇਰ ਮਨ ਮਰਨ ਦੇ ਕਿਨਾਰੇ ਆ ਜਾਂਦਾ ਹੈ। ਪੂਰਾ ਅਜੇ ਵੀ ਨਹੀਂ ਮਰਦਾ ਪ ਬਾਂਦਰ ਵਾਲੀਆਂ ਟਪੂਸੀਆਂ ਮਾਰਨੀਆਂ ਬਹੁਤ ਘੱਟ ਕਰ ਦਿੰਦਾ ਹੈ। ਹੌਲੀ ਹੌਲੀ ਫੇ ਇਹ ਬਾਹਰ ਭਟਕਣ ਦੀ ਥਾਂ ਤੇ ਅੰਦਰ ਦੇ ਰਸਾਂ ਵਲ ਨੂੰ ਦੌੜਦਾ ਹੈ। ਆਤਮ-ਰਸ ਦੇ ਅਨਹਦ ਨਾਦ ਦੇ ਸੁਣਨ ਦਾ ਆਦੀ ਹੋ ਜਾਂਦਾ ਹੈ। ਫੇਰ ਅੰਤਰਮੁਖੀ ਹੋਣ ਨੂੰ ਲੋਚਦਾ ਹੈ ਬਾਹਰ ਘੱਟ ਵਿਚਰਦਾ ਹੈ।

ਜਿਵੇਂ ਲੋਭ ਲਾਲਚ ਨੂੰ ਦੁਨਿਆਵੀ ਤੌਰ ਤੇ ਅਤੇ ਬਾਹਰੀ ਤੌਰ ਤੇ ਕਾਬੂ ਵਿਚ ਰੱਖ ਦੀ ਲੋੜ ਹੈ ਉਸੇ ਤਰ੍ਹਾਂ ਨਾਮ ਅਭਿਆਸ ਵਿਚ ਵੀ ਲੋਭ ਲਾਲਚ ਚੰਗਾ ਫਲ ਨਹੀ ਲਿਆਉਂਦੇ। ਲੋਭ ਦੇ ਅਧੀਨ ਅਸੀਂ ਹੱਠ ਕਰ ਬੈਠਦੇ ਹਾਂ। ਹੱਠ-ਯੋਗ ਗ੍ਰਿਹਸਤੀ ਲਈ ਲਾਹੇਵੰਦ ਨਹੀਂ ਹੁੰਦਾ। ਕਾਹਲ ਕਰ ਬੈਠਦੇ ਹਾਂ, ਜਿਸਦਾ ਨਤੀਜਾ ਕਈ ਵਾਰ ਮਾਨਸਿਕ ਤੇ ਸਰੀਰਕ ਰੋਗ ਦੇ ਤੌਰ ਤੇ ਭੁਗਤਣਾ ਪੈ ਸਕਦਾ ਹੈ। ਅਜਿਹੀ ਗਲਤੀ ਕ ਨਹੀਂ ਕਰਨੀ, ਹੱਠ ਵਿਚ ਨਹੀਂ ਬਲਕਿ :

ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ।
ਪੰਜ ਦੂਤਿ ਕਰਿ ਭੂਤ ਵਸਿ ਦੁਰਮਤਿ ਦੂਜਾ ਭਾਉ ਮਿਟਾਇਆ।
ਸਬਦ ਸੁਰਤਿ ਲਿਵ ਚਲਣਾ ਜਮੁ ਜਾਗਾਤੀ ਨੇੜਿ ਨਾ ਆਇਆ।
ਬੇਮੁਖ ਬਾਰਹ ਵਾਟ ਕਰਿ ਸਾਧ ਸੰਗਤਿ ਸਚੁ ਖੰਡੁ ਵਸਾਇਆ।
(ਭਾਈ ਗੁਰਦਾਸ ਵਾਰ–5 ਪਉੜੀ-13)

ਦੇ ਮਹਾਂ ਵਾਕ ਅਨੁਸਾਰ, ਸਬਰ, ਸੰਤੋਖ ਦੇ ਵਿਚ ਰਹਿ ਕੇ ਨਾਮ-ਕਮਾਈ ਕਰਨ ਦੀ ਲੋ ਹੈ। ਸਤਿਗੁਰਾਂ ਨੇ ਸੌਖਾ ਰਸਤਾ ਦੱਸਿਆ ਹੈ। ਪੰਜਾਂ ਚੋਰਾਂ (ਕਾਮ, ਕਰੋਧ, ਲੋਭ, ਮੋ ਹੰਕਾਰ) ਜੋ ਆਪਾਂ ਪਹਿਲਾਂ ਬਿਆਨ ਕਰ ਚੁੱਕੇ ਹਾਂ, ਨੂੰ ਵੱਸ ਵਿਚ ਕਰ ਕੇ ਹੋਰ ਸਾ ਲਗਾਉ (**Attachments**) ਖਤਮ ਕਰਕੇ, ਸ਼ਬਦ ਅਤੇ ਸੁਰਤ ਦਾ ਮੇਲ ਕਰਨਾ ਹੈ ਇਸ ਤਰ੍ਹਾਂ ਸਾਧ ਸੰਗਤਿ ਸਚੁ ਖੰਡ ਦਾ ਰੂਪ ਹੋ ਜਾਂਦੀ ਹੈ।

ਜਦੋਂ ਅਸੀਂ ਅਖਬਾਰ ਪੜ੍ਹਦੇ ਹਾਂ ਤਾਂ ਸਾਰੇ ਮਨੁੱਖ ਤਕਰੀਬਨ ਚੁੱਪ-ਚਾਪ ਹੀ ਪੜ੍ਹਦੇ ਹਨ। ਕਦੇ ਕਿਸੇ ਨੂੰ ਉਚੀ ਉਚੀ ਅਖਬਾਰ ਪੜ੍ਹਦੇ ਨਹੀਂ ਸੁਣਿਆ। ਕੋਈ ਵਿਰਲ ਹੀ ਐਸਾ ਹੋਵੇਗਾ ਜੋ ਉਚੀ ਉਚੀ ਅਖਬਾਰ ਪੜ੍ਹਦਾ ਹੋਵੇ। ਸ਼ੁਰੂ ਸ਼ੁਰੂ ਵਿਚ ਜ਼ਬਾਨ ਰਾਹੀ ਬੋਲ ਕੇ ਸ਼ਬਦ ਦੇ ਅਭਿਆਸ ਤੋਂ ਬਾਅਦ ਅਗਲੀ ਅਵਸਥਾ ਚੁੱਪ-ਚਾਪ ਕੰਠ 'ਚ ਜ ਹਿਰਦੇ ਵਿਚ ਸ਼ਬਦ ਦੇ ਜਾਪ ਦੀ ਆ ਜਾਂਦੀ ਹੈ। ਆਪਣੇ ਹਿਰਦੇ ਨਾਲ ਜਾਂ ਸੁਰਤ ਹੀ ਅਖਬਾਰ ਦਾ ਪੜ੍ਹਨਾ ਇਕ ਸਹੀ ਉਦਾਹਰਣ ਹੈ। ਠੀਕ ਇਸੇ ਤਰ੍ਹਾਂ ਗੁਰਬਾਣੀ ਪਾਠ ਜਾਂ ਸ਼ਬਦ ਦੇ ਅਭਿਆਸ ਦੀ ਆਦਤ ਪਾਉਣੀ ਚਾਹੀਦੀ ਹੈ। ਜਿਵੇਂ ਇਕ ਸਾਇੰ ਦਾਨ ਪ੍ਰਯੋਗਸ਼ਾਲਾ ਵਿਚ, ਇਕਾਂਤ ਵਿਚ ਬੈਠ ਕੇ, ਆਪਣੇ ਮਨ ਨੂੰ, ਦਿਮਾਗ ਨੂੰ, ਸਰੀਰ ਪ੍ਰਯੋਗਾਂ 'ਚ ਖੱਚਤ ਕਰਕੇ ਆਪਣੇ ਦਿਮਾਗ 'ਚੋਂ ਕੋਈ ਨਵੀਂ ਕਾਢ ਕੱਢ ਮਾਰਦਾ ਹੈ ਠੀਕ ਉਸੇ ਤਰ੍ਹਾਂ ਅਭਿਆਸ ਲਈ ਮਨ ਦੇ ਟਿਕਾਉ ਦੀ ਲੋੜ ਹੈ। (ਚਲਦਾ



ਚੰਡੀਗੜ੍ਹ :
50/- ਸ. ਕ
ਸ. ਸਤਨਾਮ
ਸ. ਬਖਸ਼ੀਸ਼
ਡਾ. ਪਰਮ
ਬੀ. ਕਮਲੇਸ਼
ਸ. ਅਮਰ
ਸਿੰਘ 10/-
ਜਤਿੰਦਰਪ
ਮੁਹਾਲੀ :–
20/-, ਸ
ਸ. ਹਰਜੀਤ
ਸ: ਹਰਮੋਹ
ਸ. ਗੁਰਬਖ
ਪਿੰਡ ਨੀਵਾਂ
10/-, ਸ:
20/-, ਸ:
ਸ: ਪ੍ਰਮਜੀ
ਸਿੰਘ 21/-
ਸ; ਜਵਾਹ
20/-, ਸ:
50/-, ਸ:
ਸ: ਜਸਪਾ
ਸ. ਲਾਭ ਸਿੰ
ਸਿੰਘ 11/-
ਸ. ਸੁਖਦੇ
ਬੀ: ਗੁਰਪ੍ਰੀ
ਬੀਬੀਆਂ ਮੁੰ
ਸ: ਮਨਮੋਹ
ਇਲੈਕਟਰੀਕ
ਸ: ਹਰਭਜ
ਸ੍ਰੀਮਤੀ ਜੀ.
ਗੁਰਬਾਣੀ ਇ

**ਇਸ ਮਹੀਨੇ ਦੇ ਮਾਇਕ ਸਹਾਇਤਾ ਦੇਣ ਵਾਲੇ ਸੱਜਣ, ਵਾਹਿਗੁਰੂ ਚੜ੍ਹਦੀ ਕਲਾ ਬਖਸ਼ੇ**

**ਚੰਡੀਗੜ੍ਹ :—** ਸ੍ਰੀ ਮੰਗਲਦਾਸ 20/-, ਸ. ਅਵਤਾਰ ਸਿੰਘ 52/- ਸ. ਰਣਜੀਤ ਸਿੰਘ 50/- ਸ. ਕਰਨੈਲ ਸਿੰਘ 10/-, ਸ. ਮੇਹਰਬਾਨ ਸਿੰਘ 10/-, ਸ. ਦਰਸ਼ਨ ਸਿੰਘ 5/- ਸ. ਸਤਨਾਮ ਸਿੰਘ 50/-, ਸ. ਕਰਮ ਸਿੰਘ 20/, ਸ. ਪਿਆਰਾ ਸਿੰਘ 20/- ਸ. ਬਖਸ਼ੀਸ਼ ਸਿੰਘ 100/-

**ਡਾ. ਪਰਮਜੀਤ ਸਿੰਘ ਸੈਕਟਰ 20 ਰਾਹੀਂ :—** ਸ. ਗੁਰਨਾਮ ਸਿੰਘ 10/- ਬੀ. ਕਮਲੇਸ਼ ਸ਼ਰਮਾ 50/, ਬੀ: ਦਰਸ਼ਨ ਜੀਤ ਕੌਰ 10/-,

**ਸ, ਅਮਰ ਸਿੰਘ ਸੈਕਟਰ 39 ਰਾਹੀਂ :—**ਬੀ: ਚਰਨਜੀਤ ਕੌਰ 20/-, ਸ: ਉੱਦਮ ਸਿੰਘ 10/-, ਸ. ਏ. ਐਸ. ਬਖਸ਼ੀ 10/-,

**ਜਤਿੰਦਰਪਾਲ ਸਿੰਘ ਸੈਕਟਰ 40 ਰਾਹੀਂ :—**ਸ. ਦਵਿੰਦਰ ਸਿੰਘ 50/-,

**ਮੁਹਾਲੀ :—**ਸ: ਸਤਿਬੀਰ ਸਿੰਘ 11/-, ਸ: ਕਰਮ ਸਿੰਘ 20/- ਬੀ: ਕਰਤਾਰ ਕੌਰ 20/-, ਸ ਕਰਮ ਸਿੰਘ 11/-, ਸ. ਗੁਰਮੀਤ ਸਿੰਘ 31/-, ਸ: ਮਲਿੰਦਰ ਸਿੰਘ 10/-, ਸ. ਹਰਜੀਤ ਸਿੰਘ 50/-, ਬੀ: ਹਰਦੀਪ ਕੌਰ ਪ੍ਰਿੰਸੀਪਲ ਫੇਜ-7 100/-,

**ਸ: ਹਰਮੋਹਨ ਜੀਤ ਸਿੰਘ ਫੇਜ਼ 4 ਰਾਹੀਂ :—** ਸ. ਅਸਚਰਜ ਸਿੰਘ ਚੰਡੀਗੜ੍ਹ 20/-, ਸ. ਗੁਰਬਖਸ਼ ਸਿੰਘ ਸ਼ਾਂਤ 10+5/-, ਸ: ਰਜਿੰਦਰ ਸਿੰਘ 5/-, ਸ. ਬਲਵਿੰਦਰ ਸਿੰਘ ਪਿੰਡ ਠੀਵਾਂ ਧਕਾਲਾ ਗੁਰਦਾਸਪੁਰ 21/-, ਸ. ਲਛਮਣ ਸਿੰਘ 10/-, ਸ: ਕ੍ਰਿਪਾਲ ਸਿੰਘ 10/-, ਸ: ਜਗਮੋਹਨ ਸਿੰਘ 20/-, ਸ: ਰਘਬੀਰ ਸਿੰਘ ਮਟੌਰ 10/- ਸ: ਜਸਵੰਤ ਸਿੰਘ 20/-, ਸ: ਅਮਰਜੀਤ ਸਿੰਘ 5/-

**ਸ: ਪ੍ਰਮਜੀਤ ਸਿੰਘ ਫੇਜ਼-4 ਰਾਹੀਂ :—**ਸ: ਭਗਤ ਸਿੰਘ 101/, ਸ. ਬਿਕ੍ਰਮਜੀਤ ਸਿੰਘ 21/-, ਬੀ: ਕੁਲਦੀਪ ਕੌਰ 21/-

**ਸ; ਜਵਾਹਰ ਸਿੰਘ ਫੇਜ਼ 9 ਰਾਹੀਂ :—**ਸ. ਭਜਨ ਸਿੰਘ 50/-, ਸ: ਨਿਰੰਜਨ ਸਿੰਘ 20/-, ਸ: ਰਸ਼ਪਾਲ ਸਿੰਘ 20/- ਸ: ਜਸਪਾਲ ਸਿੰਘ ਪਿੰਡ ਗੋਪਾਲਪੁਰ ਜ਼ਿਲ੍ਹਾ ਪਟਿਆਲਾ 50/-, ਸ: ਲਾਭ ਸਿੰਘ 50/-, ਸ: ਸੁਖਦੇਵ ਸਿੰਘ 10/-

**ਸ: ਜਸਪਾਲ ਸਿੰਘ 3B-2 ਰਾਹੀਂ –** ਬੀ: ਗੁਰਪ੍ਰੀਤ ਕੌਰ 5/-, ਸ: ਕੇਵਲ ਸਿੰਘ 20/- ਸ. ਲਾਭ ਸਿੰਘ 10/-, ਸ: ਈਸ਼ਰ ਸਿੰਘ 21/-, ਸ: ਬਲਬੀਰ ਸਿੰਘ 21/-, ਸ: ਸਵਰਨ ਸਿੰਘ 11/-, ਸ: ਅਵਤਾਰ ਸਿੰਘ ਸੋਲਨ 25/-

**ਸ. ਸੁਖਦੇਵ ਸਿੰਘ ਫੇਜ਼ 6 ਰਾਹੀਂ :—** ਬੀ: ਸਚਿੰਦਰ ਕੌਰ ਚੰਡੀਗੜ੍ਹ 10/-, ਬੀ: ਗੁਰਪ੍ਰੀਤ ਕੌਰ ਚੰਡੀਗੜ੍ਹ 10/-, ਸ. ਸਵਰਨ ਸਿੰਘ ਚੰਡੀਗੜ੍ਹ 20/-, ਅਧਿਆਪਕ ਬੀਬੀਆਂ ਮੁੰਡੀ ਖਰੜ ਸਕੂਲ 100/-

**ਸ: ਮਨਮੋਹਨ ਜੀਤ ਸਿੰਘ ਫੇਜ਼ 5 ਰਾਹੀਂ :—**ਸ. ਪਰਮਿੰਦਰ ਸਿੰਘ 100/-, ਸਾਹਨੀ ਇਲੈਕਟਰੀਕਲਜ਼ 31/-,

**ਸ: ਹਰਭਜਨ ਸਿੰਘ ਫੇਜ਼ 3B1 ਰਾਹੀਂ :—** ਨਰਿੰਦਰ ਕੌਰ ਚੰਡੀਗੜ੍ਹ 50/- ਸ੍ਰੀਮਤੀ ਜੀ. ਰਾਏ 50/- ਗੁਪਤ 50/-

'ਗੁਰਬਾਣੀ ਇਸੁ ਜਗ ਮਹਿ ਚਾਨਣੁ' (ਮਾਸਿਕ ਪਤ੍ਰੱਕਾ)
P.O. Regd. No. Pb./Ch. 130 R. N. I. No. 42331/84
ADDRESS : K. No. 254 Phase-2 MOHALI—160055

ਸ: ਉਜਾਗਰ ਸਿੰਘ ਫੇਜ਼–10 ਰਾਹੀਂ :— ਬੀ: ਜਸਵੰਤ ਕੌਰ 21/-, ਸ: ਭਾਨ ਸਿੰਘ 10/-, ਡਾ: ਅਵਨੀਤ ਕੌਰ 20/-, ਸ: ਸੰਤੋਖ ਸਿੰਘ 50/-

ਮੋਹਾਲੀ :–ਸ: ਇਕਬਾਲ ਸਿੰਘ ਫੇਜ਼ 7 ਰਾਹੀਂ :–ਸ. ਸੁਖਦੇਵ ਸਿੰਘ ਸੋਹਾਣਾ 15/-, ਬੀ. ਹਰਬਿੰਦਰ ਕੌਰ ਚੰਡੀਗੜ੍ਹ 40/- ਸ: ਸੁਜਾਨ ਸਿੰਘ 25/- ਸ. ਅਮਰੀਕ ਸਿੰਘ 10/-

ਜ਼ਿਲ੍ਹਾ ਰੋਪੜ :—ਸ. ਦਰਸ਼ਨ ਸਿੰਘ ਮੀਆਂਪੁਰ 60/-, ਸ. ਨਰਿੰਦਰ ਸਿੰਘ ਪਿੰਡ ਬਾਕਰਪੁਰ 11/-, ਸ, ਜਵਾਲਾ ਸਿੰਘ ਚਮਕੌਰ ਸਾਹਿਬ 20/- ਡਾ: ਗੁਰਮੇਲ ਸਿੰਘ ਪਿੰਡ ਧਰਮਗੜ੍ਹ 20/, ਡਾ: ਸੁਜਾਨ ਸਿੰਘ ਰੋਪੜ 30/- ਸ. ਰਘਬੀਰ ਸਿੰਘ ਜੰਡਪੁਰ 11/-

ਬੀਬੀ ਕੁਲਦੀਪ ਕੌਰ ਖਾਲਸਾ ਖਰੜ ਰਾਹੀਂ ; - ਬੀ: ਹਰਦੀਪ ਕੌਰ 10/-, ਸ: ਗੁਰਦੇਵ ਸਿੰਘ 5/-, ਸ: ਕੇਸਰ ਸਿੰਘ 5/-, ਬੀਬੀ ਜੀ 5/-, ਬੀਬੀ ਜੀ 15/-, ਸ: ਅਜੀਤ ਸਿੰਘ ਜਗੀਰਦਾਰ ਖਰੜ 10/-

ਸ: ਕਮਲਜੀਤ ਸਿੰਘ ਖਰੜ ਰਾਹੀਂ :—ਸ. ਗੁਰਦੇਵ ਸਿੰਘ ਰਣਜੀਤ ਨਗਰ 20/-, ਗੁਰਦੁਆਰਾ ਰਵੀਦਾਸ ਜੀ 15/-, ਸ: ਪੀ. ਐਸ. ਭਾਟੀਆ 21/-

ਅਜੈਬ ਸਿੰਘ ਪਿੰਡ ਜੰਡਪੁਰ ਰਾਹੀਂ :— ਸ. ਅਜੈਬ ਸਿੰਘ 10/- ਸ: ਧਰਮ ਸਿੰਘ 20/ ਸ: ਅਵਤਾਰ ਸਿੰਘ ਦੇਸੂ ਮਾਜਰਾ 20/-

ਰਜਿੰਦਰਾ ਬਿਲਡਿੰਗ ਪਲਾਨਰਜ਼ ਕੁਰਾਲੀ ਰਾਹੀਂ :–ਸ: ਗੁਰਚਰਨ ਸਿੰਘ ਚਨਾਲੋਂ 25/- ਸ: ਗੁਰਜੀਤ ਸਿੰਘ ਦਸਾਰਨਾ 20/-, ਸ: ਹਰਦਿਆਲ ਸਿੰਘ 10/-, ਸ: ਭੁਪਿੰਦਰ ਸਿੰਘ ਸਿੰਘਪੁਰਾ 10/, ਸ: ਦਰਸ਼ਨ ਸਿੰਘ ਰਤਨਗੜ੍ਹ 11/ ਰਜਿੰਦਰਾ ਬਿਲਡਿੰਗ ਪਲਾਨਰਜ਼ 24/

ਸ: ਨਿਰਮਲ ਸਿੰਘ ਮੋਰਿੰਡਾ ਰਾਹੀਂ : — ਬੀ: ਭਗਵੰਤ ਕੌਰ 25/-, ਸ: ਨਛੱਤਰ ਸਿੰਘ ਪੋਸਟਮੈਨ 5/-, ਸ. ਰਘਬੀਰ ਸਿੰਘ 15/-. ਗੁਪਤ 15+11

ਸ: ਜਰਨੈਲ ਸਿੰਘ ਅਨੰਦਪੁਰ ਸਾਹਿਬ ਰਾਹੀਂ :–M/s ਕਥੂਰਿਆ ਬੂਟ ਹਾਊਸ 11/- ਸ. ਗੁਰਦਾਸ ਸਿੰਘ 10/-, ਸ: ਇੰਦਰਜੀਤ ਸਿੰਘ 10/-, ਸ. ਗੁਰਬਚਨ ਸਿੰਘ 11/- M/s ਭਾਰਤ ਟਰਾਂਸਪੋਰਟ ਕੰਪਨੀ 11/, ਸ: ਜਸਵਿੰਦਰ ਸਿੰਘ 50/- ਸ: ਸਤਿੰਦਰ ਸਿੰਘ 5/- ਸ: ਇੰਦਰਜੀਤ ਸਿੰਘ 10/-

ਜ਼ਿਲ੍ਹਾ ਲੁਧਿਆਣਾ :—ਸ: ਕੁਲਦੀਪ ਸਿੰਘ ਪਿੰਡ ਮਾਨੂਪੁਰ 30/- ਸ. ਹਰਨੇਕ ਸਿੰਘ ਖੰਨਾ 50/- ਸ. ਕੁਲਦੀਪ ਸਿੰਘ 100/-,

ਢਾਡੀ ਜਸਵੰਤ ਸਿੰਘ ਤਾਂਘ ਰਾਹੀਂ :— ਵੈਦ ਕਰਨੈਲ ਸਿੰਘ 51/- ਸ. ਕੁਲਦੀਪ ਸਿੰਘ 20/, ਸ. ਗੁਰਮੇਲ ਸਿੰਘ 31/-

ਸ. ਮਹਿੰਦਰ ਸਿੰਘ ਚਚਰਾੜੀ ਰਾਹੀ :— ਬੀ: ਬਲਵਿੰਦਰ ਕੌਰ ਰਾਜੋਆਣਾ 10/- ਭਾਈ ਲਾਲ ਸਿੰਘ 10/-, ਭਾਈ ਕੁਲਵਿੰਦਰ ਸਿੰਘ 10/-, ਮਹਿੰਦਰ ਸਿੰਘ 20/-,

**ਕੁਲ ਕਾਪੀਆਂ 9000 ਜਨਰਲ ਸਹਾਇਤਾ–7207–00 ਰੁ: ਪੱਕੇ ਮਾਸਿਕ ਮੈਂਬਰਾਂ ਵਲੋਂ 2987-00 ਰੁ: ਕੁਲ ਆਈ ਸਹਾਇਤਾ 10194 ਰੁ: ਖ਼ਰਚਾ-11606 ਰੁ:**